# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 16 ਅਪ੍ਰੈਲ 2024 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੁਆਧ ਪੰਜਾਬੀ ਸਾਹਿਤਕ ਬੈਠਕ ਬਨੂੜ ਵੱਲੋਂ ਬੰਤ ਰਾਮਪੁਰੇ ਵਾਲਾ਼ ਅਤੇ ਗੁਰਮੇਜਰ ਗੁਰਨਾ ਦਾ ਸਨਮਾਨ

ਵਰਲਡ ਪੰਜਾਬੀ ਟਾਈਮਜ਼ ਗੁਰਬਿੰਦਰ ਸਿੰਘ ਰੋਮੀ



ਬਨੂੜ, 16 ਅਪ੍ਰੈਲ : ਪੰਜਾਬੀ ਸਾਹਿਤਕ ਬੈਠਕ ਬਨੂੜ ਦੀ ਸ.ਸ.ਸ.ਸ. ਸਕੂਲ ਬੂਟਾ ਸਿੰਘ ਵਾਲਾ਼ ਵਿਖੇ ਹੋਈ ਮਹੀਨਾਵਾਰ ਮਿਲਣੀ ਵਿੱਚ ਗੀਤਕਾਰੀ ਦੇ ਖੇਤਰ ਵਿੱਚ ਆਪਣਾ ਲੋਹਾ ਮਨਵਾਉਣ ਵਾਲ਼ੇ ਪੁਆਧ ਦੇ ਜੰਮਪਲ ਉੱਘੇ ਗੀਤਕਾਰ ਬੰਤ ਰਾਮਪੁਰੇ ਵਾਲਾ਼ ਅਤੇ ਗਾਇਕੀ ਦੇ ਖੇਤਰ ਵਿੱਚ ਨਾਮਣਾ ਖੱਟਣ ਵਾਲੇ ਗਾਇਕ ਗੁਰਮੇਜਰ ਗੁਰਨਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਵਿਸਾਖੀ ਮੌਕੇ ਉਚੇਚੇ ਤੌਰ 'ਤੇ ਕਰਵਾਏ ਗਏ ਇਸ ਸਮਾਗਮ ਵਿੱਚ ਪ੍ਰਿੰ. ਹਰਨੇਕ ਸਿੰਘ ਅਤੇ ਜਸਵੰਤ ਸਿੰਘ ਪੂੰਨੀਆ ਨੇ ਵਿਸ਼ੇਸ਼ ਮਹਿਮਾਨਾਂ ਵਜ਼ੋਂ ਸ਼ਿਰਕਿਤ ਕੀਤੀ। ਇਸ ਦੌਰਾਨ ਪਾਲ ਸਿੰਘ ਕਰਾਲਾ, ਕਰਨੈਲ ਸਿੰਘ, ਰੂਪਨੀਤ ਕੌਰ ਧਮੌਲੀ, ਬਾਲ ਕਲਾਕਾਰ ਕਰਨਵੀਰ ਸਿੰਘ, ਧੰਨਾ ਧਾਲੀਵਾਲ ਹੰਸਾਲਾ, ਲਵਪ੍ਰੀਤ ਸਿੰਘ ਚੰਗੇਰਾ, ਰਾਜੂ ਨਾਹਰ, ਐੱਸ.ਪੀ. ਫਰੀਦਪੁਰੀ, ਬਲਦੀਪ, ਅਲੀ ਰਾਜਪੁਰਾ, ਲੱਕੀ ਬਨੂੜ, ਗੁਰਮੇਜਰ ਗੁਰਨਾ, ਬੰਤ ਰਾਮਪੁਰੇ ਵਾਲਾ਼ , ਦਰਸ਼ਨ ਸਿੰਘ ਬਨੂੜ, ਮਾ. ਹਰਪ੍ਰੀਤ ਸਿੰਘ ਧਰਮਗੜ੍ਹ ਅਤੇ ਲੈਕਚਰਾਰ ਵਰਿੰਦਰ ਕੁਮਾਰ ਨੇ ਆਪੋ-ਆਪਣੀਆਂ ਵਿਧਾਵਾਂ ਵਿੱਚ ਸ਼ਾਨਦਾਰ ਹਾਜ਼ਰੀਆਂ ਲਵਾਈਆਂ। ਇਸ ਮੌਕੇ ਗੁਰਨਾਮ ਸਿੰਘ, ਜੋਗਿੰਦਰ ਸਿੰਘ, ਮਨੀ ਗਾਂਧੀ, ਕਰਤਾਰ ਸਿੰਘ, ਗੁਰਬਖਸ਼ ਸਿੰਘ ਅਤੇ ਹੋਰ ਪਤਵੰਤੇ ਸੱਜਣ ਮੌਜੂਦ ਸਨ।

## 'ਸਰੱਬਤ ਦਾ ਭਲਾ' ਟਰੱਸਟ ਦੇ ਬਾਨੀ ਡਾ. ਐਸ.ਪੀ. ਸਿੰਘ ਓਬਰਾਏ ਦਾ ਜਨਮਦਿਨ ਮਨਾਇਆ

ਵਰਲਡ ਪੰਜਾਬੀ ਟਾਈਮਜ਼ ਗੁਰਬਿੰਦਰ ਸਿੰਘ ਰੋਮੀ



ਰੋਪੜ, 16 ਅਪ੍ਰੈਲ : ਆਪਣੇ ਲੋਕ ਭਲਾਈ ਕਾਰਜਾਂ ਲਈ ਸੰਸਾਰ ਪ੍ਰਸਿੱਧ ਸੰਸਥਾ 'ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ' ਦੇ ਬਾਨੀ ਸੰਸਥਾਪਕ ਡਾ. ਐੱਸ.ਪੀ. ਸਿੰਘ ਓਬਰਾਏ ਦਾ ਜਨਮਦਿਨ ਅੱਜ ਗੁਰਦੁਆਰਾ ਸਿੰਘ ਸਭਾ ਰੋਪੜ ਵਿਖੇ ਮਨਾਇਆ ਗਿਆ। ਜਿੱਥੇ ਜਿਲ੍ਹਾ ਪ੍ਰਧਾਨ ਜੇ.ਕੇ. ਜੱਗੀ, ਮੁੱਖ ਮਹਿਮਾਨ ਸੁਨੀਲ ਬੱਗਾ (ਰੀਜ਼ਨਲ ਹੈੱਡ), ਕੁਲਬੀਰ ਸਿੰਘ ਸੀਨੀਅਰ ਬੈਂਕ ਮੈਨੇਜਰ, ਟੀਮ ਮੈਂਬਰਾਂ ਅਤੇ ਹੋਰ ਮਿੱਤਲ-ਪਿਆਰਿਆਂ ਦੀ ਹਾਜਰੀ ਵਿੱਚ ਰਵਾਇਤੀ ਤੌਰ 'ਤੇ ਕੇਕ ਕੱਟਿਆ ਅਤੇ ਲੋੜਵੰਦਾਂ ਨੂੰ ਚੈੱਕ ਵੰਡੇ ਗਏ। ਸ. ਜੱਗੀ ਨੇ ਦੱਸਿਆ ਕਿ ਟਰਸੱਟ ਵੱਲੋਂ 08 ਮਕਾਨ ਮੁਕੰਮਲ ਕਰਕੇ ਲੋੜਵੰਦ ਪਰਿਵਾਰਾਂ ਨੂੰ ਸੌਂਪ ਦਿੱਤੇ ਗਏ ਅਤੇ 05 ਹੋਰ ਉਸਾਰੀ ਅਧੀਨ ਹਨ। ਇਸ ਤੋਂ ਇਲਾਵਾ ਮੁਫ਼ਤ ਲੈਬੋਰਟਰੀ ਟੈਸਟ, ਸਿਲਾਈ-ਕਢਾਈ ਸੈਂਟਰ, ਕੰਪਿਊਟਰ ਕਲਾਸਾਂ ਅਤੇ ਬਿਊਟੀਸ਼ੀਅਨ ਕੋਰਸ ਆਦਿ ਨਿਰੰਤਰ ਜਾਰੀ ਹਨ। ਉਨ੍ਹਾਂ ਕਿਹਾ ਕਿ ਜਿਲ੍ਹੇ ਵਿੱਚ ਕਿਤੇ ਵੀ ਉਪਰੋਕਤ ਤਰ੍ਹਾਂ ਦੇ ਸੈਂਟਰ/ਸਹੂਲਤਾਂ ਦੇ ਚਾਹਵਾਨ ਜਿਲ੍ਹਾ ਦਫ਼ਤਰ ਵਿਖੇ ਸੰਪਰਕ ਕਰ ਸਕਦੇ ਹਨ। ਇਸ ਮੌਕੇ ਟੀਮ ਮੈਂਬਰ ਅਸ਼ਵਨੀ ਖੰਨਾ, ਮਨਮੋਹਨ ਕਾਲੀਆ, ਇੰਦਰਜੀਤ ਸਿੰਘ, ਸੰਤ ਸਿੰਘ, ਮਨਜੀਤ ਸਿੰਘ ਅਬਿਆਨਾ , ਭਾਗ ਸਿੰਘ ਡੀ.ਓ. (ਰਿਟਾ.), ਸੁਖਦੇਵ ਸ਼ਰਮਾ, ਮਦਨ ਮੋਹਨ ਗੁਪਤਾ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਰੋਮੀ ਘੜਾਮੇਂ ਵਾਲ਼ਾ ਦਾ ਸ.ਸ.ਸ.ਸ. ਮੋਹੀ ਖੁਰਦ ਵਿਖੇ ਵਿਦਿਆਰਥੀਆਂ ਨਾਲ਼ ਰੂਬਰੂ ਕਰਵਾਇਆ

ਵਰਲਡ ਪੰਜਾਬੀ ਟਾਈਮਜ਼



ਬਨੂੜ, 16 ਅਪ੍ਰੈਲ : ਪੁਆਧ ਖਿੱਤੇ ਦੇ ਜੰਮਪਲ ਸਾਹਿਤਕਾਰ, ਗਾਇਕ, ਅਦਾਕਾਰ, ਪੱਤਰਕਾਰ ਅਤੇ ਅੰਤਰ-ਰਾਸ਼ਟਰੀ ਮਾਸਟਰ ਦੌੜਾਕ ਗੁਰਬਿੰਦਰ ਸਿੰਘ (ਰੋਮੀ ਘੜਾਮੇਂ ਵਾਲ਼ਾ) ਦਾ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੋਹੀ ਖੁਰਦ ਵਿਖੇ ਉਚੇਚੇ ਤੌਰ 'ਤੇ ਰੂਬਰੂ ਸਮਾਗਮ ਕਰਵਾਇਆ।ਜਿੱਥੇ ਰੋਮੀ ਨੇ ਆਪਣੀਆਂ ਸਕੂਲ ਨਾਲ਼ ਜੁੜੀਆਂ ਯਾਦਾਂ ਸਾਂਝੀ ਕਰਦਿਆਂ ਬੱਚਿਆਂ ਨਾਲ਼ ਸਾਹਿਤ, ਇਤਿਹਾਸ ਅਤੇ ਖੇਡਾਂ ਆਦਿ ਵਿਸ਼ਿਆਂ 'ਤੇ ਖੁੱਲ੍ਹਾ ਸੰਵਾਦ ਰਚਾਇਆ। ਇਸੇ ਦੌਰਾਨ ਉਨ੍ਹਾਂ ਆਪਣੀ ਚਰਚਿਤ ਰਚਨਾਵਾਂ ਤੇ ਗੀਤਾਂ ਨਾਲ਼ ਮਾਹੌਲ ਨੂੰ ਰੋਚਕ ਬਣਾਈ ਰੱਖਿਆ। ਆਪਣੇ ਤਮਗੇ ਜੇਤੂ ਸਫ਼ਰ ਦੇ ਤਜ਼ਰਬੇ ਸਾਂਝੇ ਕਰਦਿਆਂ ਉਨ੍ਹਾਂ ਬੱਚਿਆਂ ਨੂੰ ਖੇਡਾਂ ਪ੍ਰਤੀ ਖੂਬ ਉਤਸ਼ਾਹਿਤ ਕੀਤਾ। ਪ੍ਰਿੰਸੀਪਲ ਤੇਜਿੰਦਰ ਸਿੰਘ ਨੇ ਰੋਮੀ ਅਤੇ ਨਾਲ਼ ਆਏ ਸਾਥੀ ਅੰਗਰੇਜ ਸਿੰਘ ਸੰਧੂ ਨੂੰ ਜੀ ਆਇਆਂ ਕਹਿੰਦਿਆਂ ਸ਼ੁਕਰਾਨਾ ਅਦਾ ਕੀਤਾ। ਸਟੇਜ ਸੰਚਾਲਨ ਦੀ ਜ਼ੁੰਮੇਵਾਰੀ ਰਮਨਦੀਪ ਸਿੰਘ ਅਤੇ ਵਿਰੇਂਦਰ ਕੁਮਾਰ ਨੇ ਬਾਖੂਬੀ ਨਿਭਾਈ। ਇਸ ਮੌਕੇ ਅੰਜੂ ਸ਼ਰਮਾ, ਜਸਪ੍ਰੀਤ ਕੌਰ, ਮਿਸਪ੍ਰੀਤ ਕੌਰ, ਵਿਦਿਆਰਥੀ ਅਤੇ ਹੋਰ ਟੀਚਿੰਗ/ਨਾਨ-ਟੀਚਿੰਗ ਸਟਾਫ਼ ਹਾਜਰ ਸਨ।

## ਸੇਵਾਦਾਰਾਂ ਨੇ 2 ਯੂਨਿਟ ਖ਼ੂਨਦਾਨ ਕਰਕੇ ਇਨਸਾਨੀਅਤ ਪ੍ਰਤੀ ਨਿਭਾਇਆ ਆਪਣਾ ਫਰਜ਼

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ




ਬਠਿੰਡਾ,16 ਅਪ੍ਰੈਲ : ਡੇਰਾ ਸੱਚਾ ਸੌਦਾ ਸਰਸਾ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਡਾ ਗੁਰਮੀਤ ਰਾਮ ਰਹੀਮ ਸਿੰਘ ਜੀ ਇੰਸਾਂ ਦੀਆਂ ਪਾਵਨ ਸਿੱਖਿਆਵਾਂ ਤੇ ਚਲਦਿਆਂ ਬਲਾਕ ਬਠਿੰਡਾ ਦੇ ਸੇਵਾਦਾਰਾਂ ਵੱਲੋਂ ਖੂਨਦਾਨ ਦੀਆਂ ਸੇਵਾਵਾਂ ਲਗਾਤਾਰ ਜਾਰੀ ਹਨ। ਖ਼ੂਨਦਾਨ ਸੰਮਤੀ ਡੇਰਾ ਸੱਚਾ ਸੌਦਾ ਬਲਾਕ ਬਠਿੰਡਾ ਦੇ ਜਿੰਮੇਵਾਰ ਸੇਵਾਦਾਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਰੀਜ਼ ਹਰਚਰਨ ਕੌਰ ਵਾਸੀ ਅਲੀਸ਼ੇਰ ਕਲਾਂ ਜੋ ਕਿ ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਬਠਿੰਡਾ ਵਿਖੇ ਜੇਰੇ ਇਲਾਜ ਹੈ ਨੂੰ ਸੋਨੂੰ ਇੰਸਾਂ ਪ੍ਰੇਮੀ ਸੇਵਕ ਏਰੀਆ ਐਨਐਫਐਲ, ਮਰੀਜ਼ ਕੁਲਵੰਤ ਦਾਸ ਵਾਸੀ ਪਿੰਡ ਮਾਖਾ ਜੋ ਕਿ ਪੰਜਾਬ ਕੈਂਸਰ ਕੇਅਰ ਅਤੇ ਮਲਟੀਸਪੈਸ਼ਲਿਟੀ ਹਸਪਤਾਲ ਵਿਖੇ ਜੇਰੇ ਇਲਾਜ ਹੈ ਨੂੰ ਮਾਡਲ ਟਾਊਨ ਏਰੀਆ ਦੇ 15 ਮੈਂਬਰ ਮੋਹਿਤ ਇੰਸਾਂ ਨੇ ਖ਼ੂਨਦਾਨ ਕੀਤਾ। ਇਸ ਮੌਕੇ ਮਰੀਜ਼ ਦੇ ਵਾਰਿਸਾਂ ਨੇ ਖ਼ੂਨ ਦਾਨੀ ਸੇਵਾਦਾਰਾਂ ਦਾ ਤਹਿਦਿਲੋਂ ਧੰਨਵਾਦ ਕੀਤਾ।

## ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ ( ਰਜਿ) ਫ਼ਰੀਦਕੋਟ ਨੇ ਲਗਾਏ, ਇਕੋ ਦਿਨ ਚਾਰ ਜਗਾਹ ਵਿਸਾਲ ਖ਼ੂਨਦਾਨ ਕੈਂਪ।

ਵਰਲਡ ਪੰਜਾਬੀ ਟਾਈਮਜ਼



ਫ਼ਰੀਦਕੋਟ 16 ਅਪ੍ਰੈਲ : ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ ( ਰਜਿ) ਫ਼ਰੀਦਕੋਟ ਵੱਲੋ 8 ਅਪ੍ਰੈਲ ਗੁਰੂਦੁਆਰਾ ਜਾਮਨੀ ਸਾਹਿਬ ਬਜੀਦਪੁਰ ਫਿਰੋਜ਼ਪੁਰ ਵਿਸਾਲ ਖੂਨਦਾਨ ਕੈਂਪ ਲਗਾਉਣ ਤੋ ਬਾਅਦ ਗਿਆ । ਵਿਸਾਖੀ ਤੇ ਖਾਲਸਾ ਸਾਜਨਾ ਦਿਵਸ ਤੇ ਚਾਰ ਜਗਾਹ, ਗੁਰੂਦੁਆਰਾ ਸਾਹਿਬ ਖਾਲਸਾ ਦੀਵਾਨ ਫ਼ਰੀਦਕੋਟ,ਡੇਰਾ ਖੋਈ ਵਾਲਾ, ਪਿੰਡ ਨਵਾਂ ਕਿਲਾ ਫ਼ਰੀਦਕੋਟ, ਗੁਰੂਦੁਆਰਾ ਸ਼ਹੀਦ ਗੰਜ ਸਾਹਿਬ ਮੁੱਦਕੀ ਫਿਰੋਜ਼ਪੁਰ, ਤੱਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਬਠਿੰਡਾ ਵਿਖੇ ਵਿਸਾਲ ਖੂਨਦਾਨ ਕੈਂਪ ਲਗਾਇਆ ਗਿਆ। ਬਾਬਾ ਫ਼ਰੀਦ ਜੀ ਸੇਵਾ ਸੁਸਾਇਟੀ (ਰਜਿ) ਫ਼ਰੀਦਕੋਟ ਦੇ ਸਾਰੇ ਨੌਜਵਾਨ ਲੋਕ ਸੇਵਾ ਨੂੰ ਸਮਰਪਿਤ ਹਨ । ਸੁਸਾਇਟੀ ਨਾਲ ਜੁੜੀ ਹਰ ਸਖਸ਼ੀਅਤ ਸਮਾਜ ਪ੍ਰਤੀ ਸੰਵੇਦਨਸ਼ੀਲ ਹੈ । ਇਹ ਬਿਆਨ ਪ੍ਰੈਸ ਨੂੰ ਸੀਨੀਅਰ ਮੈਂਬਰ ਰਣਜੀਤ ਗੋਲੇਵਾਲਾ ਦਿੱਤੇ । ਪ੍ਰਧਾਨ ਰਾਜਵੀਰ ਸਿੰਘ ਗੋਲੇਵਾਲਾ, ਮੀਤ ਪ੍ਰਧਾਨ ਗੁਰਦੇਵ ਸਿੰਘ, ਸਕੱਤਰ ਸੁਖਵੀਰ ਰੱਤੀ ਰੋੜੀ, ਸਲਾਹਕਾਰ ਗੁਰਸੇਵਕ ਸਿੰਘ ਥਾੜ੍ਹਾ , ਸਤਨਾਮ ਸਿੰਘ ਖਜਾਨਚੀ ,ਪ੍ਰੈਸ ਸਕੱਤਰ ਵਿਸ਼ਾਲ, ਸੀਨੀਅਰ ਪ੍ਰੈਸ ਸਕੱਤਰ



ਸ਼ਿਵਨਾਥ ਦਰਦੀ,ਮਨੇਜਰ ਦਲਜੀਤ ਡੱਲੇਵਾਲਾ,ਰਿਟਾ.ਪ੍ਰਿੰਸੀਪਲ ਡਾਂ. ਪਰਮਿੰਦਰ ਸਿੰਘ ਸਰਕਾਰੀ ਬ੍ਰਜਿੰਦਰਾ ਕਾਲਜ, ਡਾਂ. ਬਲਜੀਤ ਸ਼ਰਮਾ, ਜਰਮਨ ਗੋਲੇਵਾਲਾ, ਗੁਰਪਿੰਦਰ ਗਿੱਲ,ਅਮ੍ਰਿਤ ਮਚਾਕੀ,ਹੈਰੀ ਕੋਟਸੁਖੀਆ,ਮੋਹਿਤ ਗਹਿਰਾ,ਹੈਰੀ ਮੁੱਦਕੀ , ਹਰਜੀਤ ਮਾਸਟਰ,ਪ੍ਰੈਸ ਜੰਗ, ,ਸਾਗਰ ਫਿਰੋਜ਼ਪੁਰ , ਜਸ਼ਨ ਬਾਜਾਖਾਨਾ, ਮੈਨੇਜਰ ਜੱਸੀ ਥਾੜ੍ਹਾ, ਜਸਕਰਨ ਫਿੰਡੇ, ਪਿੰਦਾ ਜਟਾਣਾਂ, ਨਿਰਮਲਜੀਤ ਸਿੰਘ ਸੰਧੂ ਝੋਂਕ ਮੋਹੜੇ ,ਮਨਜੀਤ ਸਿੰਘ ਫਿਰੋਜ਼ਪੁਰ, ਸਤਵਿੰਦਰ ਬੁੱਗਾ, ਜਸਕਰਨ ਫਿੱਡੇ, ਸੁਖਬੀਰ ਫਿਰੋਜ਼ਪੁਰ ਆਕਾਸ਼ਦੀਪ ਅਬਰੋਲ, ਬਲਵੰਤ ਸਿੰਘ,ਪਾਲਾ, ਰੋਮਾਣਾ, ਬਿੱਲਾਂ ਰੋਮਾਣਾ, ਮਨਜੀਤ, ਸਿੰਘ ਕਾਹਨ ਸਿੰਘ ਵਾਲਾ, ਗੁਰਸ਼ਰਨ ਖਾਰਾ , ਸੀਰਾ ਥਾੜ੍ਹਾ ਸ਼ਰਮਾ ਫਰੀਦਕੋਟ,ਇੰਦਰਜੀਤ ਹਰੀਕੇ, ,ਭੋਲੂ ਖਾਰਾ, ਸੀਨੀਅਰ ਸਲਾਹਕਾਰ ਕਾਕਾ ਖ਼ਾਰਾਂ , ਡਾ ਭਲਿੰਦਰ ਸਿੰਘ , ਸਟੋਕ ਮੈਨੇਜਰ ਸਵਰਾਜ ਸਿੰਘ,ਸਹਿਜ ਸਿੰਘ, ਹਰਪ੍ਰੀਤ ਢਿਲਵਾਂ, ਸ਼ਰਨਾ ਫਰੀਦਕੋਟ, , ਅਰਸ਼ ਕੋਠੇ ਧਾਲੀਵਾਲ,ਲੱਖਾ ਘੁਮਿਆਰਾਂ ,ਹਰਗੁਣ, ਕਾਲਾ ਡੋਡ ਆਦਿ ।

## ਸੁੰਦਰ ਲਿਖਾਈ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂੰਮ ਦੀਆਂ ਵਿਦਿਆਰਥਣਾਂ ਦੀ ਰਹੀ ਝੰਡੀ

ਵਰਲਡ ਪੰਜਾਬੀ ਟਾਈਮਜ਼



ਬਰਨਾਲਾ 16 ਅਪ੍ਰੈਲ: ਮੀਰੀ ਪੀਰੀ ਖਾਲਸਾ ਕਾਲਜ ਭਦੌੜ, ਬਰਨਾਲਾ ਵਿਖੇ ਵਿਸਾਖੀ ਦੇ ਦਿਹਾੜੇ ਤੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਮਿਤੀ 12 ਅਪਰੈਲ 2024 ਨੂੰ ਸੁੰਦਰ ਲਿਖਾਈ ਤੇ ਦਸਤਾਰ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਜ਼ਿਲ੍ਹੇ ਦੀਆਂ ਵੱਖ-ਵੱਖ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਸੁੰਦਰ ਲਿਖਾਈ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂੰਮ ਦੀ ਵਿਦਿਆਰਥਣ ਮਨਜੋਤ ਕੌਰ ਪੁੱਤਰੀ ਸੁਖਵਿੰਦਰ ਸਿੰਘ ਜਮਾਤ ਗਿਆਰਵੀਂ ਨੇ ਪਹਿਲਾ ਸਥਾਨ, ਦੂਜਾ ਸਥਾਨ ਆਰਫ਼ਦੀਪ ਕੌਰ ਤੇ ਤੀਜਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂੰਮ ਦੀ ਵਿਦਿਆਰਥਣ ਜਸਪ੍ਰੀਤ ਕੌਰ ਪੁੱਤਰੀ ਬਲਵਿੰਦਰ ਸਿੰਘ ਜਮਾਤ ਗਿਆਰਵੀਂ ਨੇ ਪ੍ਰਾਪਤ ਕਰਕੇ ਆਪਣੀ ਸੰਸਥਾ ਤੇ ਅਧਿਆਪਕਾਂ ਦਾ ਮਾਣ ਵਧਾਇਆ। ਇਸ ਮੌਕੇ ਮੀਰੀ ਪੀਰੀ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਮਾਲਵਿੰਦਰ ਸਿੰਘ ਤੇ ਸਮੂਹ ਸਟਾਫ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਪ੍ਰਸੰਸਾ ਪੱਤਰ,ਮੈਡਲ, ਟਰਾਫ਼ੀ ਤੇ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਨਵੇਂ ਵਿੱਦਿਅਕ ਸੈਸ਼ਨ ਦੇ ਅਰੰਭ ਵਿੱਚ ਵਿਦਿਆਰਥਣਾਂ ਦੀ ਇਸ ਪ੍ਰਾਪਤੀ 'ਤੇ ਸਕੂਲ ਮੁਖੀ ਬਬਲਜੀਤ ਸਿੰਘ ਸੰਧੂ ਨੇ ਬੱਚੀਆਂ ਨੂੰ ਮੁਬਾਰਕਬਾਦ ਦਿੰਦਿਆਂ,ਅੱਗੇ ਤੋਂ ਹੋਰ ਵਿਦਿਆਰਥੀਆਂ ਨੂੰ ਵੀ ਇਹਨਾਂ ਵਿਦਿਆਰਥਣਾਂ ਵਾਂਗ ਪੜ੍ਹਾਈ ਦੇ ਨਾਲ਼-ਨਾਲ਼ ਹੋਰ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਨਾ ਦਿੱਤੀ। ਇਹਨਾਂ ਵਿਦਿਆਰਥਣਾਂ ਦੇ ਪ੍ਰੇਰਕ ਅਧਿਆਪਕ ਸ. ਸੁਖਚੈਨ ਸਿੰਘ ਕੁਰੜ (ਪੰਜਾਬੀ ਅਧਿਆਪਕ) ਨੇ ਸੁੰਦਰ ਲਿਖਾਈ ਮੁਕਾਬਲੇ ਦੀ ਇਸ ਪ੍ਰਾਪਤੀ 'ਤੇ ਮਾਣ ਮਹਿਸੂਸ ਕਰਦਿਆਂ ਵਿਦਿਆਰਥਣਾਂ ਨੂੰ ਸ਼ਾਬਾਸ਼ ਦਿੰਦਿਆਂ ਦੱਸਿਆ ਕਿ ਇਹ ਪ੍ਰਾਪਤੀ ਵਿਦਿਆਰਥਣਾਂ ਦੁਆਰਾ ਮਿਹਨਤ ਨਾਲ਼ ਲਗਾਤਾਰ ਅਭਿਆਸ ਤੇ ਵਿਸ਼ੇ ਪ੍ਰਤਿ ਰੁਚੀ ਕਰਕੇ ਸੰਭਵ ਹੋ ਸਕੀ। ਹਰ ਵਿਦਿਆਰਥੀ ਵਿੱਚ ਕੋਈ ਨਾ ਕੋਈ ਗੁਣ/ਹੁਨਰ ਜ਼ਰੂਰ ਹੁੰਦਾ ਹੈ, ਉਸ ਨੂੰ ਤਰਾਸ਼ ਕੇ ਅੱਗੇ ਲੈ ਕੇ ਆਉਣ ਦੇ ਉਪਰਾਲੇ ਕਰਨ ਨਾਲ਼ ਹੀ ਅਜਿਹੀਆਂ ਪ੍ਰਾਪਤੀਆਂ ਸੰਭਵ ਹੁੰਦੀਆਂ ਹਨ। ਅੱਗੇ ਭਵਿੱਖ ਵਿੱਚ ਵੀ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ਼ ਨਾਲ਼ ਅਜਿਹੀਆਂ ਗਤੀਵਿਧੀਆਂ ਨਾਲ਼ ਜੋੜੀ ਰੱਖਣ ਦੇ ਉਪਰਾਲੇ ਜਾਰੀ ਰਹਿਣਗੇ।

## ਪੰਜਾਬ ਦੀ ਟੇਕ ਤੋਂ ਬਿਨਾ ਗਲੋਬਲ ਪੰਜਾਬੀ ਸੱਭਿਆਚਾਰ ਵਿਕਸਤ ਹੋਣ ਦੇ ਦਾਅਵੇ ਖੋਖਲੇ— ਡਾ. ਸਵਰਾਜ ਸਿੰਘ

### 'ਸੱਭਿਆਚਾਰ ਤਿੰਨ ਮਾਵਾਂ ਦਾ ਪਸਾਰਾ ਤੇ ਵਿਚਾਰ ਚਰਚਾ*

ਵਰਲਡ ਪੰਜਾਬੀ ਟਾਈਮਜ਼ ਗੁਰਨਾਮ ਸਿੰਘ

ਸੰਗਰੂਰ 16 ਅਪ੍ਰੈਲ : ਪੰਜਾਬੀ ਆਪਣੀਆਂ ਤਿੰਨ ਮਾਵਾਂ ਧਰਤੀ, ਜਨਨੀ ਮਾਂ, ਬੋਲੀ ਤੇ ਸੱਭਿਆਚਾਰ ਤੋਂ ਦੂਰ ਹੋ ਰਹੇ ਹਨ। ਮਾਰਕਸ ਨੇ ਕਿਹਾ ਸੀ ਕਿ ਸਰਮਾਏਦਾਰੀ ਮਨੁੱਖ ਨੂੰ ਆਪਣੇ ਮੂਲ ਨਾਲੋਂ ਤੋੜਦੀ ਹੈ। ਇਸਨੂੰ ਅੰਗਰੇਜੀ ਵਿੱਚ ਏਲੀਨੇਸ਼ਨ ਕਹਿੰਦੇ ਹਨ। ਮਨੁੱਖ ਕੁਦਰਤ, ਸਮਾਜ, ਪਰਿਵਾਰ ਅਤੇ ਖੁਦ ਆਪਣੇ ਆਪ ਤੋਂ ਟੁੱਟ ਜਾਂਦਾ ਹੈ ਜਿਸ ਨੂੰ ਸੈਲਫ ਏਲੀਨੇਸ਼ਨ ਕਹਿੰਦੇ ਹਨ। ਗੁਰਬਾਣੀ ਮਨੁੱਖ ਨੂੰ ਆਪਣੇ ਮੂਲ ਨਾਲ ਜੋੜਨ ਦਾ ਫਲਸਫਾ ਹੈ। ਚੇਤੰਨ ਮਨੁੱਖ ਆਪਣੀ ਹੋਂਦ ਦਾ ਤੱਤਸਾਰ ਸਮਝ ਕੇ ਸਮੁੱਚੇ ਬ੍ਰਹਿਮੰਡ ਨਾਲ ਜੁੜ ਜਾਂਦਾ ਹੈ। ਇਸ ਮਨੁੱਖ ਨੂੰ ਗੁਰਮੁਖ ਕਿਹਾ ਜਾਂਦਾ ਹੈ। ਜੋ ਮਨੁੱਖ ਆਪਣੀ ਹੋਂਦ ਬਾਰੇ ਚੇਤੰਨ ਨਹੀਂ ਹੁੰਦਾ ਅਤੇ




ਚੇਤਨਾ ਤੋਂ ਵਿਹੂਣਾ ਰਹਿ ਜਾਂਦਾ ਹੈ, ਉਸ ਨੂੰ ਮਨਮੁੱਖ ਕਿਹਾ ਜਾਂਦਾ ਹੈ। ਮਨਮੁੱਖ ਦਾ ਅੰਤ ਮਾੜਾ ਹੁੰਦਾ ਹੈ। ਮਨੁੱਖ ਨੂੰ ਕੁਦਰਤ ਨਾਲ ਜੋੜਨ ਵਿੱਚ ਧਰਤੀ ਦੀ ਮੁੱਖ ਭੂਮਿਕਾ ਹੈ। ਧਰਤੀ ਮਾਂ ਤੋਂ ਟੁੱਟਿਆ ਮਨੁੱਖ ਆਪਣੀਆਂ ਦੂਜੀਆਂ ਦੋਵਾਂ ਮਾਵਾਂ ਤੋਂ ਵੀ ਟੁੱਟ ਜਾਂਦਾ ਹੈ। ਅੱਜ ਆਪਣੀ ਧਰਤੀ ਨਾਲੋਂ ਟੁੱਟਣ ਦਾ ਰੁਝਾਨ ਸੰਸਾਰ ਵਿੱਚ ਸਭ ਤੋਂ ਜਿਆਦਾ ਪੰਜਾਬੀਆਂ ਵਿੱਚ ਦੇਖਣ ਨੂੰ ਮਿਲਦਾ ਹੈ। ਅਮਰ ਗਰਗ ਕਲਮਦਾਨ ਨੇ ਆਪਣੀ ਪੁਸਤਕ ਦੇ ਵਿੱਚ ਇੰਨਾਂ ਤੱਥਾਂ ਦੀ ਨਿਸ਼ਾਨਦੇਹੀ ਕੀਤੀ ਹੈ। 'ਇਹ ਭਾਵ ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ ਨੇ ਪੰਜਾਬੀ ਸਾਹਿਤ ਸਭਾ ਸੰਗਰੂਰ ਵੱਲੋਂ ਆਯੋਜਤ ਅਮਰ ਗਰਗ ਕਲਮਦਾਨ ਅਤੇ ਪ੍ਰਿੰਸੀਪਲ ਪ੍ਰੇਮ ਲਤਾ ਦੀ ਪੁਸਤਕ ਸੱਭਿਆਚਾਰ ਤਿੰਨ ਮਾਵਾਂ ਦਾ ਪਸਾਰਾ ਉਪਰ ਕਰਾਈ ਗਈ ਵਿਚਾਰ ਚਰਚਾ ਦੌਰਾਨ ਉਦਘਾਟਨੀ ਸ਼ਬਦ ਵਜੋਂ ਕਹੇ* । ਸਮਾਗਮ ਦੇ ਮੁੱਖ ਮਹਿਮਾਨ ਡਾ. ਲਖਵਿੰਦਰ ਸਿੰਘ ਜੌਹਲ ਜਨਰਲ ਸਕੱਤਰ ਕਲਾ ਪ੍ਰੀਸ਼ਦ ਚੰਡੀਗੜ੍ਹ ਅਤੇ ਪ੍ਰਧਾਨਗੀ ਡਾ. ਤੇਜਵੰਤ ਮਾਨ ਸਾਹਿਤ ਰਤਨ ਨੇ ਕੀਤੀ। ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਡਾ. ਸਵਰਾਜ ਸਿੰਘ, ਐਸ.ਐਸ.ਫੁੱਲ, ਨਿਰਮਲਾ ਗਰਗ, ਡਾ. ਭਗਵੰਤ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਕਮਲਜੀਤ ਟਿੱਬਾ, ਪਵਨ ਹਰਚੰਦਪੁਰੀ ਸ਼ਾਮਲ ਹੋਏ। ਸ੍ਰੀ ਐਚ ਮਹਿੰਦਰ ਸਿੰਘ ਨੇ ਪੰਜਾਬ ਦੇ ਸੱਭਿਆਚਾਰ ਨੂੰ ਦਰਸਾਉਂਦੀ ਪ੍ਰਦਰਸ਼ਨੀ ਲਾਈ। ਜੋ ਆਕਰਸ਼ਨ ਦਾ ਕੇਂਦਰ ਰਹੀ। ਪੁਸਤਕ ਉਪਰ ਉਜਾਗਰ ਸਿੰਘ, ਜੋਗਿੰਦਰ ਕੌਰ ਅਗਨੀਹੋਤਰੀ, ਅਰਵਿੰਦਰ ਕੌਰ ਕਾਕੜਾ ਨੇ ਪੇਪਰ ਪੇਸ਼ ਕੀਤੇ। ਜਿੰਨਾਂ ਦਾ ਤੱਤ ਸਾਰ ਪੁਸਤਕ ਦੀਆਂ ਵਿਸ਼ੇਸ਼ ਵਿਲੱਖਣਤਾਵਾਂ ਨੂੰ ਉਜਾਗਰ ਕਰਨਾ ਰਿਹਾ। ਪੁਸਤਕ ਦੀ ਅਜੋਕੇ ਪ੍ਰਸੰਗਾਂ ਵਿੱਚ ਮਹੱਤਤਾ ਨੂੰ ਇਨ੍ਹਾਂ ਪੇਪਰਾਂ ਦੁਆਰਾ ਉਭਾਰਿਆ ਗਿਆ। ਵਿਚਾਰ ਚਰਚਾ ਵਿੱਚ ਨਿਹਾਲ ਸਿੰਘ ਮਾਨ, ਸੁਖਦੇਵ ਔਲਖ, ਡਾ. ਰਾਕੇਸ਼ ਸ਼ਰਮਾ, ਜਗਦੀਪ ਸਿੰਘ, ਗੁਰਨਾਮ ਸਿੰਘ, ਸੁਰਜੀਤ ਸਿੰਘ, ਅਨੋਖ ਸਿੰਘ ਵਿਰਕ, ਜੋਰਾ ਸਿੰਘ ਮੰਡੇਰ, ਪਵਨ ਹਰਚੰਦਪੁਰੀ, ਕਮਲਜੀਤ ਟਿੱਬਾ, ਪ੍ਰਿੰਸੀਪਲ ਜਗਦੀਪ ਕੌਰ ਅਹੂਜਾ, ਗੁਲਜ਼ਾਰ ਸ਼ੌਂਕੀ, ਡਾ. ਭਗਵੰਤ ਸਿੰਘ, ਸੁਰਿੰਦਰ ਨਾਗਰਾ, ਪੂਰਨ ਚੰਦ ਜੋਸ਼ੀ, ਸੰਦੀਪ ਸਿੰਘ, ਚਰਨਜੀਤ ਸਿੰਘ, ਜਗਦੀਸ਼ ਸਿੰਘ ਭਲਵਾਨ, ਗੁਰਿੰਦਰ ਸਿੰਘ, ਜਸਵੀਰ ਸਿੰਘ, ਨਿਰਮਲ ਸਿੰਘ, ਜੋਰਾ ਸਿੰਘ, ਪਰਮਜੀਤ ਸਿੰਘ, ਪ੍ਰੋ. ਜਗਧੀਰ ਸਿੰਘ, ਡਾ. ਰਾਜੀਵਪੁਰੀ ਨੇ ਹਿੱਸਾ ਲਿਆ। ਤਿੱਖੀ ਬਹਿਸ ਹੋਈ, ਪੁਸਤਕ ਦੀ ਭਾਸ਼ਾ, ਸ਼ੈਲੀ ਅਤੇ ਵਿਸ਼ਿਆਂ ਦੇ ਉਪਰ ਗੰਭੀਰਤਾ ਸਹਿਤ ਸਾਰੇ ਵਿਦਵਾਨਾਂ ਨੇ ਚਰਚਾ ਕੀਤੀ। ਅਮਰ ਗਰਗ ਕਲਮਦਾਨ ਨੇ ਪੁਸਤਕ ਉਪਰ ਉਠਾਏ ਸਵਾਲਾਂ ਦਾ ਜਵਾਬ ਦਿੱਤਾ। ਡਾ. ਲਖਵਿੰਦਰ ਸਿੰਘ ਜੌਹਲ ਨੇ ਆਪਣੇ ਭਾਵ ਪ੍ਰਗਟ ਕਰਦੇ ਹੋਏ ਕਿਹਾ ਕਿ ਇਹ ਸਮਾਗਮ ਬਹੁਤ ਉੱਚ ਪੱਧਰ ਦਾ ਸੀ, ਜਿਸ ਵਿੱਚ ਸਮਾਜਿਕ ਸੰਦਰਭਾਂ ਦੀ ਗੱਲ ਕੀਤੀ ਗਈ ਹੈ। ਕਿਉਂਕਿ ਪੰਜਾਬ ਨੂੰ ਬੌਧਿਕ ਅਗਵਾਈ ਦੀ ਬਹੁਤ ਵੱਡੀ ਲੋੜ ਹੈ, ਤਾਂ ਜੋ ਝੂਠੇ ਬਿਰਤਾਂਤ ਨੂੰ ਰੋਕਿਆ ਜਾ ਸਕੇ। ਗਲੋਬਲ ਪੰਜਾਬੀ ਸੱਭਿਆਚਾਰ ਇੱਕ ਛਲਾਵਾ ਹੈ। ਅਸਲ ਵਿੱਚ ਇਹ ਸਾਮਰਾਜੀ ਖਪਤਕਾਰੀ ਸੱਭਿਆਚਾਰ ਜੋ ਪੰਜਾਬੀ ਸੱਭਿਆਚਾਰ ਨੂੰ ਨਿਗਲ ਰਿਹਾ ਹੈ। ਡਾ. ਸਵਰਾਜ ਸਿੰਘ ਇਸ ਦਿਸ਼ਾ ਵਿੱਚ ਨਿਰੰਤਰ ਯਤਨ ਕਰ ਰਹੇ ਹਨ ਅਤੇ ਅਮਰ ਗਰਗ ਦੀ ਪੁਸਤਕ ਵੀ ਇਸ ਦਿਸ਼ਾ ਵਿੱਚ ਅਗਲਾ ਕਦਮ ਹੈ। ਡਾ. ਤੇਜਵੰਤ ਮਾਨ ਨੇ ਪ੍ਰਧਾਨਗੀ ਭਾਸ਼ਣ ਦਿੰਦੇ ਹੋਏ ਕਿਹਾ ਕਿ ਅਜੋਕੇ ਵਿਸ਼ਵੀਕਰਨ ਦੇ ਦੌਰ ਵਿੱਚ ਮਨੁੱਖ ਨੂੰ ਸੱਭਿਆਚਾਰ ਤੋਂ ਤੋੜਿਆ ਜਾ ਰਿਹਾ ਹੈ। ਪੰਜਾਬੀ ਸਾਹਿਤ ਸਭਾ ਸੰਗਰੂਰ ਵੱਲੋਂ ਕਰਾਇਆ ਗਿਆ ਇਹ ਯਤਨ ਬਹੁਤ ਅਨੂੱਠਾ ਹੈ, ਜਿਸ ਵਿੱਚੋਂ ਸੱਭਿਆਚਾਰ ਦੇ ਵਿਸ਼ੇਸ਼ ਕਾਰਕਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਅੱਜ ਪੰਜਾਬੀ ਭਾਸ਼ਾ ਨੂੰ ਬਚਾਉਣ ਲਈ ਇੱਕਜੁਟਤਾ ਦੀ ਜਰੂਰਤ ਹੈ। ਇਸ ਸਮੇਂ ਹੋਏ ਵਿਸ਼ੇਸ਼ ਕਵੀ ਦਰਬਾਰ ਵਿੱਚ ਨਾਹਰ ਸਿੰਘ ਮੁਬਾਰਕਪੁਰੀ, ਕੁਲਵੰਤ ਕੌਰ ਅਮਰੀਕਾ, ਧਰਮੀ ਤੁੰਗਾਂ, ਜੀਤ ਹਰਜੀਤ, ਸੁਰਿੰਦਰਪਾਲ ਸਿਦਕੀ, ਕੁਲਵੰਤ ਕਸਕ, ਅਸ਼ਵਨੀ ਸ਼ਰਮਾ ਨਾਭਾ, ਪੂਰਨ ਚੰਦ ਜੋਸ਼ੀ, ਕਮਲਜੀਤ ਸਿੰਘ, ਮੁਖਤਿਆਰ ਅਲਾਲ, ਬਾਜ ਸਿੰਘ ਮਹਿਲੀਆ, ਚਰਨ ਪੁਆਧੀ, ਸਤੀਸ਼ ਵਿਦਰੋਹੀ, ਮਨਪ੍ਰੀਤ ਕੌਰ, ਦਰਸ਼ਨ ਪ੍ਰੀਤੀਮਾਨ, ਸੁਰਿੰਦਰਪਾਲ ਕੌਰ ਧਨੌਲਾ, ਗੁਰਜਿੰਦਰ ਸਿੰਘ ਰਸੀਆ, ਮੀਤ ਸਕਰੌਦੀ ਅਤੇ ਨਿਰਮਲਾ ਗਰਗ ਆਦਿ ਨੇ ਭਾਗ ਲਿਆ। ਇਸ ਅਵਸਰ ਤੇ ਪੁਆਧੀ ਸਾਹਿਤਕਾਰਾਂ ਦਾ ਸਨਮਾਨ ਵੀ ਕੀਤਾ ਗਿਆ। ਜਿੰਨਾਂ ਵਿੱਚ ਚਰਨ ਪੁਆਧੀ ਅਤੇ ਸਤੀਸ਼ ਵਿਦਰੋਹੀ ਸ਼ਾਮਲ ਹਨ। ਨਿੰਦਰ ਘੁਗਿਆਣਵੀਂ ਦਾ ਸਨਮਾਨ ਸੁਖਵਿੰਦਰ ਸਿੰਘ ਰਾਹੀਂ ਦਿੱਤਾ ਗਿਆ। ਅੰਮ੍ਰਿਤ ਅਜੀਜ ਨੇ ਰਸਭਿੰਨੀ ਅਵਾਜ ਦੇ ਵਿੱਚ ਸ਼ਬਦ ਅਤੇ ਗਜ਼ਲਾਂ ਦਾ ਗਾਇਨ ਕੀਤਾ। ਇਹ ਸਮਾਗਮ ਆਪਣੀਆਂ ਵਿਲੱਖਣ ਪੈੜਾਂ ਛੱਡ ਗਿਆ। ਇਸ ਦੀ ਮੰਚ ਸੰਚਾਲਨਾ ਗੁਰਨਾਮ ਸਿੰਘ ਨੇ ਕੀਤੀ ਜਦਕਿ ਸ. ਉਜਾਗਰ ਸਿੰਘ ਦਾ ਪੇਪਰ ਸ. ਜਗਦੀਪ ਸਿੰਘ ਗੰਧਾਰਾ ਨੇ ਪੜਿਆ ਅਤੇ ਸੁਰਿੰਦਰਪਾਲ ਕੌਰ ਰਸੀਆ ਨੇ ਨਿੰਦਰ ਘੁਗਿਆਨਵੀਂ ਦਾ ਸ਼ੋਭਾ ਪੱਤਰ ਪੜ੍ਹਿਆ । ਇਸ ਸਮਾਗਮ ਦੀ ਵਿਲੱਖਣਤਾ ਇਹ ਸੀ ਕਿ ਇਸ ਵਿੱਚ ਪਟਿਆਲਾ, ਸੰਗਰੂਰ, ਮਲੇਰਕੋਟਲਾ, ਧੂਰੀ, ਨਾਭਾ, ਫਾਜਿਲਕਾ, ਰਾਮਪੁਰਾ ਫੂਲ, ਬਠਿੰਡਾ, ਪਾਤੜਾਂ ਦੀਆਂ ਸਾਹਿਤ ਸਭਾਵਾਂ ਦੇ ਸਾਹਿਤਕਾਰ ਹੁੰਮ ਹੁਮਾ ਕੇ ਪਹੁੰਚੇ ਸਨ।

## ਗੁਰਦੁਆਰਾ ਰਵਿਦਾਸ ਜੀ ਵੱਲੋਂ ਨਵੀਂ ਵਿਆਹੀ ਜੋੜੀ ਦਾ ਸਨਮਾਨ


ਵਰਲਡ ਪੰਜਾਬੀ ਟਾਈਮਜ਼ ਬਲਬੀਰ ਸਿੰਘ ਬੱਬੀ



ਮਾਛੀਵਾੜਾ ਸਾਹਿਬ 16 ਅਪ੍ਰੈਲ : ਮਾਛੀਵਾੜਾ ਨਾਲ ਸੰਬੰਧਿਤ ਕਾਂਗਰਸੀ ਆਗੂ ਤੇ ਸਾਬਕਾ ਐਮ ਸੀ ਸੁਰਿੰਦਰ ਕੁਮਾਰ ਛਿੰਦੀ ਦੀ ਲੜਕੀ ਸਿਮਰਨ ਰਾਣੀ ਦਾ ਵਿਆਹ ਅਮਨਦੀਪ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਦੋਰਾਹਾ ਦੇ ਨਾਲ ਹੋਇਆ। ਇਸ ਨਵੀਂ ਜੋੜੀ ਦੇ ਆਨੰਦ ਕਾਰਜਾਂ ਦੀ ਰਸਮ ਗੁਰਦੁਆਰਾ ਗੁਰੂ ਰਵਿਦਾਸ ਜੀ ਪੁਰਾਣੀ ਸਬਜ਼ੀ ਮੰਡੀ ਮਾਛੀਵਾੜਾ ਵਿੱਚ ਹੋਈ। ਆਨੰਦ ਕਾਰਜਾਂ ਤੋਂ ਬਾਅਦ ਇਸ ਨਵੀਂ ਜੋੜੀ ਨੂੰ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਸਨਮਾਨ ਕੀਤਾ ਗਿਆ। ਇਸ ਸਮੇਂ ਪਰਮਜੀਤ ਸਿੰਘ ਨੀਲੋਂ, ਰਾਕੇਸ਼ ਕੁਮਾਰ ਛਿੰਦੂ,ਧਰਮਵੀਰ ਧੰਮੀ, ਅਵਤਾਰ ਸਿੰਘ ਤਾਰੀ, ਹੈਪੀ ਬੈਨੀਪਾਲ ਕਮਲਜੀਤ ਸਿੰਘ ਰਾਹੁਲ ਤੇ ਇਲਾਵਾ ਮਾਛੀਵਾੜਾ ਸਾਹਿਬ ਨਾਲ ਸੰਬੰਧਿਤ ਅਹਿਮ ਸ਼ਖਸ਼ੀਅਤਾਂ ਹਾਜ਼ਰ ਸਨ।

## ਚਿੜੀਆਘਰ ਦੀ ਖੇਡਾਂ ਦਾ ਧੁਰਾ : ਖਿਡਾਰੀ ਦਾ ਚਰਿੱਤਰ ਅਤੇ ਅਨੁਸ਼ਾਸਨ







ਵਰਲਡ ਪੰਜਾਬੀ ਟਾਈਮਜ਼
ਪ੍ਰੋ. ਹਰਦੀਪ ਸਿੰਘ ਸੰਗਰੂਰ

ਖੇਡਾਂ ਇੱਕ ਅਜਿਹਾ ਵਣਜ ਨੇ ਜਿਨ੍ਹਾਂ ਨੂੰ ਕਰਨ ਲਈ ਕਿਸੇ ਵੀ ਖਿਡਾਰੀ ਲਈ ਚਰਿੱਤਰਵਾਨ ਅਤੇ ਅਨੁਸ਼ਾਸਿਤ ਹੋਣ ਦੀ ਹਰ ਵੇਲੇ ਲੋੜ ਹੈ | ਕਿਉਂਕਿ ਖਿਡਾਰੀ ਦੇ ਇਹ ਦੋਵੇਂ ਗੁਣ ਉਸ ਵਲੋਂ ਖੇਡੀ ਜਾਂਦੀ ਕਿਸੇ ਵੀ ਖੇਡ ਦਾ ਧੁਰਾ ਨੇ | ਖਿਡਾਰੀ ਦਾ ਜਾਬਤੇ ਵਿਚ ਰਹਿਣਾ ,ਉਸਦੇ ਖੇਡ ਪ੍ਰਦਰਸ਼ਨ ਅਤੇ ਵਿਅਕਤਿਤੱਵ ਨੂੰ ਉਚਾਈ ਵੱਲ ਲੈ ਕੇ ਜਾਣ ਵਿਚ ਮਦਦਗਾਰ ਸਾਬਿਤ ਹੁੰਦਾ ਹੈ | ਜਦਕਿ ਬਿਨਾਂ ਅਨੁਸ਼ਾਸਨ ਦੇ ਮਨੁੱਖ ਜਿਥੇ ਆਪਣੇ ਲਈ ਕੋਈ ਪ੍ਰੇਸ਼ਾਨੀ ਸਹੇੜਦੈ ਉਥੇ ਦੂਜਿਆਂ ਲਈ ਵੀ ਕੋਈ ਪੰਗਾ ਪਾ, ਨਿਘਾਰ ਦੇ ਰਾਹ ਤੁਰ ਪੈਂਦੈ | ਸਿਆਣੇ ਆਖਦੇ ਨੇ , " ਬੰਦਾ ਘਰ ਦਾ ਮਾੜਾ ਤਾਂ ਭਾਵੇਂ ਹੋਵੇ ਪਰ ਚਰਿੱਤਰ ਦਾ ਮਾੜਾ ਨਾ ਹੋਵੇ " | ਜੇ ਧਨ ਖੁੱਸ ਗਿਆ ਤਾਂ ਸਮਝੋ ਕੁਝ ਨੀ ਗਿਆ ਪਰ ਜੇ ਚਰਿੱਤਰ ਚਲਾ ਗਿਆ ਤਾਂ ਬੰਦਾ ਹੀਣਾ ਹੋ ਜਾਂਦੈ | ਕਾਲੀਦਾਸ ਜੀ ਨੇ ਕਿਹਾ ਹੈ ," ਜੇ ਤੁਸੀਂ ਪੈਦਾਇਸ਼ੀ ਸੁੰਦਰ ਨਹੀਂ ਤਾਂ ਕੋਈ ਗੱਲ ਨਹੀਂ, ਪਰ ਤੁਸੀਂ ਚਰਿੱਤਰਵਾਨ ਹੋ ਕੇ ਸੁੰਦਰ ਦਿੱਖਾਈ ਦੇ ਸਕਦੇ ਹੋ " |

ਖੇਡਾਂ ਦਾ ਧੁਰਾ ਨਿਰੋਲ ਅਨੁਸ਼ਾਸਨ ਅਤੇ ਖਿਡਾਰੀ ਦੇ ਚਰਿੱਤਰ ਤੇ ਖੜਾ ਹੈ | ਉੱਚਾ ਖੇਡ ਪ੍ਰਦਰਸ਼ਨ ਅਤੇ ਵੱਡੀ ਖੇਡ ਪ੍ਰਾਪਤੀ ਖਿਡਾਰੀ ਦੇ ਅਨੁਸ਼ਾਸਨਬੱਧ ਅਤੇ ਚਰਿੱਤਰਵਾਨ ਹੋਣ ਦਾ ਹੀ ਸਾਰਥਿਕ ਨਤੀਜਾ ਹੈ | ਅਨੁਸ਼ਾਸਨ ਭੰਗ ਕਰਨ ਵਾਲਾ ਅਤੇ ਚਰਿੱਤਰਹੀਣ ਖਿਡਾਰੀ ਬਦਨਾਮੀ ਦੇ ਨਰਕ ਕੁੰਡ ਵਿਚ ਜਾ ਡਿਗਦੈ ਤੇ ਉਹ ਬਦਨਾਮੀ ਦੀ ਮੰਝਧਾਰ ਵਿਚ ਫੱਸਕੇ ਆਪਣਾ ਖੇਡ ਕੈਰੀਅਰ ਖਰਾਬ ਕਰ ਬੈਠਦੈ | ਖੇਡ ਜਗਤ ਤੋਂ ਅਕਸਰ ਹੀ ਕਈ ਖਬਰਾਂ ਆਉਂਦੀਆਂ ਰਹਿੰਦੀਆਂ ਨੇ ਕਿ ਫਲਾਂ ਖਿਡਾਰੀ ਜਾਂ ਕੋਚ ਨੇ ਖੇਡ ਅਨੁਸ਼ਾਸਨ ਭੰਗ ਕੀਤਾ ਤੇ ਜਾਬਤੇ ਦਾ ਪੱਲਾ ਛੱਡਿਆ | ਪਿਛਲੇ ਦਿਨੀਂ ਵਾਪਰੀ ਅਜਿਹੀ ਹੀ ਇੱਕ ਘਟਨਾ ਨੇ ਜਿਥੇ ਉਸ ਖਿਡਾਰੀ ਦਾ ਖੇਡ ਕੈਰੀਅਰ ਤਬਾਹ ਕੀਤਾ ਉਥੇ ਖੇਡ ਪ੍ਰੇਮੀ ਵੀ ਨਿਰਾਸ਼ ਹੋਏ | ਹੋਇਆ ਇੰਝ ਕਿ ਰਾਸਟਰਮੰਡਲ ਖੇਡਾਂ ਦਾ ਗੋਲ੍ਡ ਮੈਡਲ ਜੇਤੂ ਇੱਕ ਵੇਟ ਲਿਫਟਰ ਪੈਰਿਸ ਓਲੰਪਿਕ ਖੇਡਾਂ ਦੀ ਤਿਆਰੀ ਲਈ ਲਗਾਏ ਇੱਕ ਕੈਂਪ ਵਿਚ ਅੱਧੀ ਰਾਤ ਵੇਲੇ ਕੁੜੀਆਂ ਦੇ ਹੋਸਟਲ ਦੇ ਨਜ਼ਦੀਕ ਜਾਂਦਾ ਫੜਿਆ ਗਿਆ | ਉਸ ਖਿਡਾਰੀ ਵਲੋਂ ਜਾਬਤਾ ਭੰਗ ਕਰਨ ਦੀ ਇਸ ਹਰਕਤ ਤੇ ਭਾਰਤੀ ਵੇਟ ਲਿਫਟਿੰਗ ਫੇਡਰੇਸ਼ਨ ਅਤੇ ਕੈਂਪ ਡਾਇਰੈਕਟਰ ਵਲੋਂ ਗੰਭੀਰ ਨੋਟਿਸ ਲੈਂਦਿਆਂ ਉਸ ਖਿਡਾਰੀ ਨੂੰ ਕੈਂਪ ਵਿਚੋਂ ਬਾਹਰ ਕਰ ਦਿੱਤਾ ਜਿਸ ਨਾਲ ਖਿਡਾਰੀ ਦੇ ਪੈਰਿਸ ਓਲੰਪਿਕ ਖੇਡਾਂ ਵਿਚ ਭਾਗ ਲੈਣ ਤੇ ਸਵਾਲੀਆ ਚਿੰਨ ਲੱਗ ਗਿਆ | ਈਵੇਂ ਹੀ ਕਈ ਖੇਡ ਕੋਚਾਂ ਵਲੋਂ ਵੀ ਅਨੁਸ਼ਾਸਨ ਅਤੇ ਜਾਬਤਾ ਭੰਗ ਕਰਨ ਦੀਆਂ ਖਬਰਾਂ ਖੇਡ ਜਗਤ ਨੂੰ ਅਕਸਰ ਨਿਰਾਸ਼ ਕਰਦੀਆਂ ਰਹੀਆਂ ਨੇ |

ਖੇਡਾਂ ਅਤੇ ਖਿਡਾਰੀ ਸਾਡੇ ਸਮਾਜ ਦਾ ਇੱਕ ਮਹੱਤਵਪੂਰਨ ਅੰਗ ਨੇ | ਖਿਡਾਰੀ ਜਿਥੇ ਦੇਸ਼ ਅਤੇ ਕੌਮ ਦਾ ਸਰਮਾਇਆ ਹੁੰਦੇ ਨੇ ਉਥੇ ਉਹ ਸਾਡੀ ਨਵੀਂ ਪੀੜ੍ਹੀ ਲਈ ਰੋਲ ਮਾਡਲ ਵੀ ਹੁੰਦੇ ਨੇ | ਮਾੜੀ ਸੁਹਬਤ ਅਤੇ ਜਾਬਤਾ ਭੰਗ ਕਰਨ ਵਾਲੀ ਕਿਸੇ ਵੀ ਹਰਕਤ ਨੂੰ ਕਰਨ ਤੋਂ ਪਹਿਲਾਂ ਖਿਡਾਰੀ ਨੂੰ ਆਪਣੇ ਖੇਡ ਕੈਰੀਅਰ ਅਤੇ ਖੇਡਾਂ ਲਈ ਕੀਤੀ ਸਾਲਾਂ ਬੱਧੀ ਮਿਹਨਤ ਬਾਰੇ ਸੋਚਣਾ ਚਾਹੀਦਾ ਹੈ | ਉਸ ਨੂੰ ਇਹ ਸਿੱਖਣ ਦੀ ਲੋੜ ਹੈ ਕਿ ਖੇਡਾਂ ਵਿਚ ਅਨੁਸ਼ਾਸਨ ਅਤੇ ਜਾਬਤਾ ਹੀ ਉਸਨੂੰ ਸਫਲਤਾ ਦਵਾਉਗਾ | ਇਸ ਤੋਂ ਇਲਾਵਾ ਖਿਡਾਰੀ ਨੂੰ ਕੁਦਰਤ ਦੇ ਨਿੱਤ ਦੇ ਵਰਤਾਰੇ ਤੋਂ ਵੀ ਸਿੱਖਣ ਦੀ ਲੋੜ ਹੈ ਕਿਉਂਕਿ ਜੇ ਅਸੀਂ ਕੁਦਰਤ ਦੇ ਨਿੱਤ ਦੇ ਵਰਤਾਰੇ ਵੱਲ ਗਹੁ ਨਾਲ ਦੇਖੀਏ ਤਾਂ ਸਾਨੂੰ ਉਸ ਵਿਚ ਵੀ ਅੰਤਾਂ ਦਾ ਅਨੁਸ਼ਾਸਨ ਤੇ ਜਾਬਤਾ ਨਜ਼ਰ ਆਵੇਗਾ | ਸੂਰਜ , ਚੰਦ , ਤਾਰੇ , ਦਿਨ- ਰਾਤ ਦੀ ਪ੍ਰਕਿਰਿਆ ਅਤੇ ਰੁੱਤਾਂ ਬਦਲਣ ਦੇ ਸਮੇਂ ਦਾ ਵਰਤਾਰਾ ਕਮਾਲ ਦਾ ਹੈ | ਗੱਲ ਕੀ ਕੁਦਰਤ ਦੇ ਕਣ- ਕਣ ਵਿਚ ਅਨੁਸ਼ਾਸਨ ਅਤੇ ਜਾਬਤਾ ਸਮਾਇਆ ਹੋਇਆ | ਕੁਦਰਤ ਆਪਣੇ ਚਰਿੱਤਰ ਅਤੇ ਅਨੁਸ਼ਾਸਨ ਵਿਚ ਕਦੇ ਕੋਈ ਖਲਲ ਨੀਂ ਪੈਣ ਦਿੰਦੀ | ਕੁਦਰਤ ਦੇ ਇਸ ਆਚੰਭਿਤ ਅਨੁਸਾਸ਼ਨ ਅਤੇ ਵਰਤਾਰੇ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ | ਇੰਝ ਹੀ ਖੇਡਾਂ ਵੀ ਇੱਕ ਅਜਿਹਾ ਤਜ਼ਰਬਾ ਹਨ ਜਿਹੜੀਆਂ ਬੰਦੇ ਨੂੰ ਸਮਾਜਿਕ ਗੁਣ ਸਿੱਖਣ ਅਤੇ ਉਹਨਾਂ ਤੇ ਪਕੜ ਬਣਾਕੇ ਰੱਖਣ ਵਿਚ ਬਹੁਤ ਸਹਾਈ ਹੁੰਦੀਆਂ ਨੇ | ਕਿਉਂਕਿ ਖੇਡਾਂ ਵਿਚ ਖਿਡਾਰੀ ਇੱਕ ਦੂਜੇ ਤੋਂ ਪ੍ਰੇਰਿਤ ਹੋ ਕੇ ਦੂਸਰਿਆਂ ਪ੍ਰਤੀ ਸਨਮਾਨ , ਚੰਗਾ ਵਰਤਾਓ, ਅਨੁਸ਼ਾਸਨ , ਨਿਰਪੱਖਤਾ ,ਮਿਲਵਰਤਨ ,ਸਹਿਨਸੀਲਤਾ ਅਤੇ ਨਿਮਰਤਾ ਦਾ ਪਾਠ ਪੜ੍ਹ ਜਾਂਦੇ ਨੇ | ਖੇਡਾਂ, ਕਿਸੇ ਖਿਡਾਰੀ ਅੰਦਰ ਫੈਲੀਆਂ ਅਣਚਾਹੀਆਂ ਪ੍ਰਵਿਰਤੀਆਂ ਦਾ ਖ਼ਾਤਮਾ ਕਰ ਉਸਨੂੰ ਇੱਕ ਚੰਗਾ ਨਾਗਰਿਕ ਬਣਾਉਣ ਵਿਚ ਯੋਗਦਾਨ ਪਾਉਂਦੀਆਂ ਨੇ ਭਾਵ ਖੇਡਾਂ ਦਾ ਕਿਸੇ ਵੀ ਖਿਡਾਰੀ ਦੇ ਸਮਾਜੀਕਰਨ ਵਿਚ ਅਹਿਮ ਯੋਗਦਾਨ ਹੈ | ਖਿਡਾਰੀ ਦੇ ਅਨੁਸ਼ਾਸਨਬੱਧ ਹੋਣ ਅਤੇ ਜਾਬਤੇ ਚ ਰਹਿਣ ਨਾਲ ਹੀ ਖੇਡਾਂ ਦੇ ਪਿੜ੍ਹ ਦੀ ਪਵਿੱਤਰਤਾ ਕਾਇਮ ਰਹਿਗੀ |

## ਮਾਂ ਦਾ ਰੁੱਸਣਾ



ਵਰਲਡ ਪੰਜਾਬੀ ਟਾਈਮਜ਼
ਮੂਲ ਲੇਖਕ - ਡਾ. ਲਤਾ ਅਗਰਵਾਲ
ਅਨੁਵਾਦ - ਪ੍ਰੋ. ਨਵ ਸੰਗੀਤ ਸਿੰਘ

ਦਿੱਲੀ ਸਟੇਸ਼ਨ ਤੇ ਟ੍ਰੇਨ ਸੀਟੀ ਮਾਰ ਚੁੱਕੀ ਸੀ ਤੇ ਚੱਲਣ ਨੂੰ ਲੱਗਭੱਗ ਤਿਆਰ ਸੀ। ਇਸੇ ਸਮੇਂ ਕਰੀਬ ਕਰੀਬ ਹੱਫ਼ਦੇ ਹੋਏ ਇੱਕ ਜੋੜਾ ਡੱਬੇ ਵਿੱਚ ਚੜ੍ਹਨ ਦੀ ਕੋਸ਼ਿਸ਼ ਕਰਨ ਲੱਗਿਆ। ਨਾਲ ਦੋ ਛੋਟੀਆਂ ਬੱਚੀਆਂ ਵੀ ਸਨ। ਬੱਚੀਆਂ ਨੂੰ ਲੱਗਭੱਗ ਧੱਕਦਿਆਂ ਅੰਦਰ ਕੀਤਾ, ਜਿਵੇਂ ਕੋਈ ਸਮਾਨ ਸੁੱਟਿਆ ਹੋਵੇ। ਫਿਰ ਸਮਾਨ ਸਮੇਤ ਖ਼ੁਦ ਦਾਖ਼ਲ ਹੋ ਗਏ। ਉਨ੍ਹਾਂ ਨੂੰ ਵੇਖ ਕੇ ਲੱਗਦਾ ਸੀ ਕਿ ਦੌੜ ਕੇ ਮੁਸ਼ਕਿਲ ਨਾਲ ਟ੍ਰੇਨ ਫੜੀ ਹੈ। ਬੱਚੀਆਂ ਬਹੁਤ ਡਰੀਆਂ ਹੋਈਆਂ ਸਨ। ਟ੍ਰੇਨ ਮਿਲ ਜਾਣ ਤੇ ਪਤੀ-ਪਤਨੀ ਨੇ ਚੈਨ ਦਾ ਸਾਹ ਲਿਆ ਹੀ ਸੀ ਕਿ ਇੱਕ ਬੱਚੀ ਸਹਿਮ ਕੇ ਬੋਲੀ, "ਮੰਮੀ, ਭੁੱਖ ਲੱਗੀ ਹੈ!"

"ਕਮਬਖ਼ਤੋ, ਕੁਝ ਚਿਰ ਤਾਂ ਚੈਨ ਲੈ ਲੈਣ ਦਿਓ! ਸਾਨੂੰ ਖਾ ਕੇ ਹੀ ਮੰਨੋਗੀਆਂ!" ਮਾਂ ਦੇ ਇਸ ਵਾਕ ਨਾਲ ਡੱਬੇ ਦੇ ਲੋਕਾਂ ਦਾ ਧਿਆਨ ਉਨ੍ਹਾਂ ਵੱਲ ਗਿਆ। ਮਾਂ ਨੇ ਬੈਗ 'ਚੋਂ ਬਿਸਕੁਟ ਦਾ ਇੱਕ ਪੈਕਟ ਕੱਢ ਕੇ ਗੁੱਸੇ ਨਾਲ ਬੱਚੀਆਂ ਅੱਗੇ ਸੁੱਟਿਆ, "ਲਓ, ਡੱਫ ਲਓ!"

ਪਤੀ ਸੀਟ ਦੇ ਹੇਠਾਂ ਸਮਾਨ ਟਿਕਾ ਰਿਹਾ ਸੀ। ਸੀਟ ਤੇ ਬੈਠੀ ਇੱਕ ਬਜ਼ੁਰਗ ਔਰਤ ਨੇ ਪੁੱਛਿਆ, "ਕਿੱਥੋਂ ਆ ਰਹੀ ਏਂ ਧੀਏ! ਲੱਗਦੈ ਟ੍ਰੇਨ ਫੜਨ ਵਿੱਚ ਬੜੀ ਮੁਸ਼ਕਿਲ ਆਈ ਹੈ।"

"ਕੀ ਦੱਸਾਂ ਅੰਮਾ! ਕਿਸਮਤ ਹੀ ਖਰਾਬ ਹੈ। ਵੈਸ਼ਣੋ ਮਾਤਾ ਦੇ ਦਰਸ਼ਨ ਕਰਨ ਗਏ ਸਾਂ। ਪਰ ਮੌਸਮ ਅਜਿਹਾ ਵਿਗੜਿਆ ਕਿ ਉਪਰਲਾ ਰਸਤਾ ਹੀ ਬੰਦ ਹੋ ਗਿਆ, ਬਿਨਾਂ ਦਰਸ਼ਨ ਤੋਂ ਹੀ ਪਰਤਣਾ ਪਿਆ।"


"ਦੋ ਬੇਟੀਆਂ ਨੇ ਤੇਰੀਆਂ?"

"ਹਾਂ। ਇਸੇ ਲਈ ਤਾਂ ਮਾਤਾ ਜੀ ਤੋਂ ਮੰਨਤ ਮੰਗਣ ਆਏ ਸਾਂ ਕਿ ਇਸ ਵਾਰ ਤਾਂ ਸੁਣ...। ਪਰ ਲੱਗਦਾ ਹੈ, ਮਾਂ ਵੀ ਰੁੱਸੀ ਹੋਈ ਹੈ ਸਾਡੇ ਨਾਲ...।" ਉਹ ਆਪਣੀ ਗੱਲ ਪੂਰੀ ਕਰਦੀ ਕਿ ਛੋਟੀ ਬੇਟੀ ਬੋਲ ਪਈ, "ਮੰਮੀ, ਸੂ ਸੂ ਆਈ।"

ਚਟਾਕ! ਇੱਕ ਜ਼ੋਰ ਦਾ ਥੱਪੜ ਬੱਚੀ ਦੀ ਗੱਲ ਤੇ ਵੱਜਿਆ। "ਜਾਨ ਲੈ ਕੇ ਛੱਡੇਂਗੀ ਕਲਮੂੰਹੀਂ?" ਥੱਪੜ ਜ਼ੋਰ ਦਾ ਸੀ, ਡੱਬੇ ਦਾ ਫਰਸ਼ ਗਿੱਲਾ ਹੋ ਗਿਆ ਸੀ ਅਤੇ ਬੱਚੀ ਖ਼ੁਦ ਨੂੰ ਸ਼ਰਮਿੰਦਾ ਮਹਿਸੂਸ ਕਰ ਰਹੀ ਸੀ। ਡੱਬੇ ਵਿੱਚ ਬੈਠੇ ਯਾਤਰੀਆਂ ਦੇ ਚਿਹਰੇ ਤੇ ਅਰਥਮਈ ਮੁਸਕਰਾਹਟ ਅਤੇ ਅੱਖਾਂ ਤੋਂ ਭਾਵ ਸਪਸ਼ਟ ਬਿਆਨ ਹੋ ਰਹੇ ਸਨ।

ਰੋਜ਼ ਇੰਨੀਆਂ ਗਾਲਾਂ ਖਾਣ ਪਿੱਛੋਂ ਭਲਾ ਮਾਂ ਰੁੱਸੇਗੀ ਨਹੀਂ ਤਾਂ ਕੀ ਆਸ਼ੀਰਵਾਦ ਦੇਵੇਗੀ!

## ਜੀਵਨ ਦੇ ਯਥਾਰਥ ਨਾਲ ਆਤਮਸਾਤ ਕਰਦੀਆਂ ਕਹਾਣੀਆਂ




ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਰਵਿੰਦਰ ਸਿੰਘ ਸੋਢੀ ਮੂਲ ਤੌਰ ਤੇ ਇੱਕ ਨਾਟਕਕਾਰ ਹੈ। ਉਹਨੇ ਪੰਜ ਮੌਲਿਕ ਨਾਟਕ ਲਿਖੇ ਹਨ, ਜੋ ਵੱਖ ਵੱਖ ਗਰੁੱਪਾਂ ਵੱਲੋਂ ਖੇਡੇ ਗਏ ਹਨ ਤੇ ਇਨ੍ਹਾਂ ਨੇ ਦਰਸ਼ਕਾਂ ਤੋਂ ਖ਼ੂਬ ਪ੍ਰਸ਼ੰਸਾ ਖੱਟੀ ਹੈ। ਨਾਟਕ ਤੋਂ ਇਲਾਵਾ ਲੇਖਕ ਨੇ ਆਲੋਚਨਾ, ਖੋਜ, ਕਵਿਤਾ, ਸੰਪਾਦਨ, ਬਾਲ-ਸਾਹਿਤ ਅਤੇ ਕਥਾ-ਸਾਹਿਤ ਵਿੱਚ ਵੱਡਮੁੱਲਾ ਯੋਗਦਾਨ ਦਿੱਤਾ ਹੈ। ਪੰਜਾਬ ਦੇ ਇੱਕ ਪ੍ਰਤਿਸ਼ਠਿਤ ਸਕੂਲ ਵਿੱਚ ਪੰਜਾਬੀ ਅਧਿਆਪਕ ਅਤੇ ਪ੍ਰਿੰਸੀਪਲ ਵਜੋਂ ਸੇਵਾਵਾਂ ਪ੍ਰਦਾਨ ਕਰਨ ਅਤੇ ਸੇਵਾਮੁਕਤੀ ਪਿੱਛੋਂ ਉਹ ਆਪਣੇ ਬੱਚਿਆਂ ਕੋਲ ਕੈਨੇਡਾ ਚਲਾ ਗਿਆ ਤੇ ਪਰਵਾਸ ਦੌਰਾਨ ਉਹਨੇ ਪਰਵਾਸੀ ਪੰਜਾਬੀ ਲੇਖਕਾਂ ਦੀਆਂ ਦੋ ਕਿਤਾਬਾਂ ਦਾ ਸਫ਼ਲ ਸੰਪਾਦਨ ਕੀਤਾ, ਜਿਨ੍ਹਾਂ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ।

ਰੀਵਿਊ ਅਧੀਨ ਕਿਤਾਬ (ਹੱਥਾਂ 'ਚੋਂ ਕਿਰਦੀ ਰੇਤ,ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ, ਪੰਨੇ 172, ਮੁੱਲ230/- ਰੁਪਏ) ਵਿੱਚ ਕੁੱਲ 14 ਕਹਾਣੀਆਂ ਹਨ, ਜਿਨ੍ਹਾਂ ਦੀ ਰਚਨਾ ਤਾਂ ਭਾਵੇਂ ਪਰਵਾਸ ਵਿੱਚ ਰਹਿੰਦਿਆਂ ਹੋਈ ਹੈ, ਪਰ ਇਨ੍ਹਾਂ ਵਿੱਚ ਸਿਰਫ਼ ਪਰਵਾਸੀ ਜੀਵਨ ਦਾ ਹੀ ਬਿਰਤਾਂਤ ਨਹੀਂ ਹੈ, ਕੁਝ ਇੱਕ ਨੂੰ ਪੰਜਾਬੀ/ਭਾਰਤੀ ਪਰਿਸਥਿਤੀਆਂ ਵਿੱਚ ਵੀ ਪ੍ਰਸਤੁਤ ਕੀਤਾ ਗਿਆ ਹੈ। ਸਿੱਧੇ ਤੌਰ ਤੇ ਪਰਵਾਸੀ ਪੰਜਾਬੀ ਜੀਵਨ ਨਾਲ ਜੁੜੀਆਂ 6 ਕਹਾਣੀਆਂ ਹਨ – ਮੈਨੂੰ ਫ਼ੋਨ ਕਰ ਲਵੀਂ, ਇੱਕ ਲੰਬਾ ਹਉਕਾ, ਤੂੰ ਆਪਣੇ ਵੱਲ ਦੇਖ, ਮੁਸ਼ਤਾਕ ਅੰਕਲ ਦਾ ਦਰਦ, ਉਹ ਖਾਸ ਦਿਨ ਅਤੇ ਹਟਕੋਰੇ ਲੈਂਦੀ ਜ਼ਿੰਦਗੀ। ਸੰਗ੍ਰਹਿ ਵਿਚਲੀਆਂ ਕੁਝ ਕਹਾਣੀਆਂ ਕਿਤਾਬੀ ਰੂਪ ਵਿੱਚ ਆਉਣ ਤੋਂ ਪਹਿਲਾਂ ਪੰਜਾਬੀ ਦੇ ਕੁਝ ਪੱਤਰ-ਪੱਤ੍ਰਿਕਾਵਾਂ ਵਿੱਚ ਅਤੇ ਕੁਝ ਹਿੰਦੀ ਦੇ ਪ੍ਰਤੀਨਿਧ ਅਤੇ ਪ੍ਰਤਿਸ਼ਠਿਤ ਮੈਗਜ਼ੀਨਾਂ ਵਿੱਚ ਅਨੁਵਾਦ ਹੋ ਕੇ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

ਪਰਵਾਸੀ ਜੀਵਨ ਨਾਲ ਸੰਬੰਧਿਤ ਕਹਾਣੀਆਂ ਵਿੱਚ ਮੁੱਖ ਤੌਰ ਤੇ ਪਰਵਾਸ ਦੇ ਦੁਖ-ਦਰਦਾਂ ਅਤੇ ਸਮੱਸਿਆਵਾਂ ਨਾਲ ਜੂਝਦੇ ਪੰਜਾਬੀਆਂ ਦੀ ਪੀੜਾ ਨੂੰ ਜ਼ਬਾਨ ਦਿੱਤੀ ਗਈ ਹੈ। ਸੰਗ੍ਰਹਿ ਦੀ ਪਹਿਲੀ ਕਹਾਣੀ 'ਮੈਨੂੰ ਫ਼ੋਨ ਕਰ ਲਵੀਂ' ਵਿੱਚ ਮੈਰਿਜ ਕੌਂਸਲਰ ਸ਼ੈਲੀ ਵੱਲੋਂ ਪਤੀ ਤੋਂ ਵੱਖ ਰਹਿ ਰਹੀ ਔਰਤ ਸ਼ਿਫਾਲੀ ਨਾਲ ਗੱਲਬਾਤ ਕਰਕੇ ਦੋਹਾਂ ਨੂੰ ਮੁੜ ਤੋਂ ਇਕੱਠੇ ਹੋਣ ਦੀ ਸਲਾਹ ਦਿੱਤੀ ਹੈ।

'ਇੱਕ ਲੰਬਾ ਹਉਕਾ' ਵਿੱਚ ਪਤਨੀ ਦੇ ਕੈਂਸਰ ਨਾਲ ਮਰਨ ਪਿੱਛੋਂ ਪਤੀ ਇਕੱਲਾ ਰਹਿ ਜਾਂਦਾ ਹੈ। ਪਤੀ ਇੱਕ ਟੈਕਸ ਮਾਹਿਰ ਹੈ ਤੇ ਇਸੇ ਸਿਲਸਿਲੇ ਵਿੱਚ ਉਹਦਾ ਮੇਲ ਇੱਕ 50-ਸਾਲਾ ਅਣਵਿਆਹੀ ਔਰਤ ਨਾਲ ਹੁੰਦਾ ਹੈ, ਜਿਸਨੂੰ ਬਿਜ਼ਨਸ ਵਿੱਚ ਕਾਫੀ ਘਾਟਾ ਪੈ ਚੁੱਕਾ ਹੈ। ਪਤੀ ਆਪਣੀ ਬੇਟੀ ਦੀ ਸਲਾਹ ਨਾਲ ਉਸ ਇਕੱਲੀ ਔਰਤ ਨਾਲ ਇਕੱਠਿਆਂ ਰਹਿਣਾ ਸ਼ੁਰੂ ਕਰ ਦਿੰਦਾ ਹੈ। ਹਾਲਾਂਕਿ ਪਤੀ ਮਰ ਚੁੱਕੀ ਪਤਨੀ ਪਿੱਛੋਂ ਕਿਸੇ ਹੋਰ ਨਾਲ ਸ਼ਾਦੀ ਕਰਨ ਦੇ ਰਉਂ ਵਿੱਚ ਨਹੀਂ ਸੀ।

'ਹੱਥਾਂ 'ਚੋਂ ਕਿਰਦੀ ਰੇਤ' ਵਿੱਚ ਘਰ ਵਿੱਚ ਪਤੀ-ਪਤਨੀ ਤੋਂ ਬਿਨਾਂ ਬੇਟਾ-ਬੇਟੀ ਵੀ ਹਨ। ਬੇਟਾ ਆਪਣੀ ਗੋਰੀ ਗਰਲ ਫਰੈਂਡ ਨਾਲ ਮੌਜ-ਮਸਤੀ ਕਰਦਾ ਹੈ ਪਰ ਬੇਟੀ ਨਾਲ ਮਾਂ ਦਾ ਵਿਹਾਰ ਬੜਾ ਸਖਤ ਹੈ। ਪਤੀ ਪਤਨੀ ਨੂੰ ਸਮਝਾਉਂਦਾ ਹੈ ਕਿ ਬੱਚਿਆਂ ਨਾਲ ਸਖਤੀ ਕਰਨ ਦਾ ਹੁਣ ਸਮਾਂ ਨਹੀਂ ਰਿਹਾ ਤੇ ਇਸ ਸੰਬੰਧੀ ਉਹ ਆਪਣੇ ਇੱਕ ਮਿੱਤਰ ਨਾਲ ਵਾਪਰੀ ਘਟਨਾ ਸਾਂਝੀ ਕਰਦਾ ਹੈ। ਜਿਸ ਪਿੱਛੋਂ ਪਤੀ-ਪਤਨੀ ਬੱਚਿਆਂ ਦੇ ਹੱਥੋਂ ਨਿਕਲਣ ਤੇ ਫਿਕਰਮੰਦ ਹੁੰਦੇ ਹਨ।

'ਤੂੰ ਆਪਣੇ ਵੱਲ ਦੇਖ' ਪੰਜਾਬੀ ਮੁੰਡੇ ਦਾ ਕੈਨੇਡਾ ਰਹਿੰਦੀ ਪੰਜਾਬੀ ਕੁੜੀ ਨਾਲ ਵਿਆਹ ਹੋਣ ਪਿੱਛੋਂ ਦੀ ਨਿੱਕੀ ਜਿਹੀ ਘਟਨਾ ਦੇ ਤੂਲ ਫੜਨ ਬਾਰੇ ਹੈ। ਪੰਜਾਬੀ ਮੁੰਡਾ ਆਪਣੇ ਘਰ ਆਈ ਝਿਉਰਾਂ ਦੀ ਕੁੜੀ ਨਾਲ ਕੁਝ ਖੁੱਲ੍ਹ ਲੈਣ ਲੱਗਾ ਸੀ ਕਿ ਅਚਾਨਕ ਬਾਹਰੋਂ ਆਈ ਉਹਦੀ ਕੈਨੇਡੀਅਨ ਪਤਨੀ ਨੇ ਦੋਹਾਂ ਨੂੰ ਇਕੱਠਿਆਂ ਵੇਖ ਕੇ ਸ਼ੱਕ ਕੀਤਾ ਤੇ ਪਤੀ ਨੂੰ ਦੱਸੇ ਬਿਨਾਂ ਤੁਰੰਤ ਕੈਨੇਡਾ ਪਰਤ ਗਈ। ਪੰਜਾਬੀ ਮੁੰਡਾ ਉਹਦੇ ਪਿੱਛੇ ਕੈਨੇਡਾ ਪਹੁੰਚ ਕੇ ਉਹਦੀ ਗਲਤਫ਼ਹਿਮੀ ਦੂਰ ਕਰਨ ਦੀ ਕੋਸ਼ਿਸ਼ ਕਰਦਾ ਹੈ।

'ਮੁਸ਼ਤਾਕ ਅੰਕਲ ਦਾ ਦਰਦ' ਵਿੱਚ ਅਮਰੀਕਾ ਦੇ ਇੱਕ ਹੋਟਲ (ਜਿਸਦਾ ਮਾਲਕ ਬਸ਼ੀਰ ਹੈ) ਵਿੱਚ ਕੰਮ ਕਰਦੇ ਪਾਕਿਸਤਾਨ ਦੇ 60-ਸਾਲਾ ਵਿਅਕਤੀ ਮੁਸ਼ਤਾਕ ਦੇ ਦੁਖ ਦਾ ਬਿਰਤਾਂਤ ਹੈ, ਜੀਹਦਾ ਪਰਿਵਾਰ ਲਾਹੌਰ ਰਹਿੰਦਾ ਹੈ। ਇੱਥੇ ਹੀ ਇੱਕ ਪੰਜਾਬੀ ਕੁੜੀ ਅਵਨੀਤ ਵੀ ਕੰਮ ਕਰਦੀ ਹੈ। ਮੁਸ਼ਤਾਕ ਦੀ ਬੇਟੀ ਸ਼ਮੀਨਾ ਦਾ ਨਿਕਾਹ ਹੋ ਰਿਹਾ ਹੈ ਤਾਂ ਅਵਨੀਤ ਪਿਓ-ਧੀ ਦੀ ਵੀਡੀਓਕਾਲ ਰਾਹੀਂ ਗੱਲਬਾਤ ਕਰਵਾਉਂਦੀ ਹੈ। ਅਸਲ ਵਿੱਚ ਮੁਸ਼ਤਾਕ ਆਪਣੀ ਬੇਟੀ ਦੇ ਨਿਕਾਹ ਵਿੱਚ ਸ਼ਾਮਲ ਨਾ ਹੋਣ ਕਾਰਨ ਹੀ ਇੰਨਾਂ ਖਿਝਿਆ ਰਹਿੰਦਾ ਸੀ।

'ਉਹ ਖਾਸ ਦਿਨ' ਵਿੱਚ ਅਮਰੀਕਾ ਰਹਿੰਦੇ ਡੋਰਥੀ ਅਤੇ ਡੇਵਿਡ ਦੀ ਕਹਾਣੀ ਹੈ, ਜਿਨ੍ਹਾਂ ਦਾ ਇਕਲੌਤਾ ਲੜਕਾ ਫਿਲਿਪਸ ਆਪਣੇ ਪਰਿਵਾਰ ਨਾਲ ਵੱਖਰਾ ਰਹਿੰਦਾ ਹੈ। ਡੇਵਿਡ ਦੰਪਤੀ ਪਿਛਲੇ 25 ਸਾਲਾਂ ਤੋਂ ਹਰ ਸਾਲ 19 ਅਗਸਤ ਨੂੰ ਇੱਕ ਪਾਰਟੀ ਦਾ ਆਯੋਜਨ ਕਰਦੀ ਹੈ ਤੇ ਇਹ ਪਾਰਟੀ ਉਨ੍ਹਾਂ ਵੱਲੋਂ ਤਣਾਅ ਕਾਰਨ ਅੱਡ-ਅੱਡ ਰਹਿਣ ਪਿੱਛੋਂ ਮੁੜ ਇਕੱਠੇ ਮਿਲ ਕੇ ਰਹਿਣ ਦੀ ਯਾਦ ਵਜੋਂ ਹੁੰਦੀ ਹੈ। ਉਨ੍ਹਾਂ ਨੇ ਪੂਰੀ ਉਮਰ ਇਹ ਪਾਰਟੀ ਜਾਰੀ ਰੱਖਣ ਦਾ ਸੰਕਲਪ ਲਿਆ ਹੈ, ਪਰ ਡੇਵਿਡ ਦੀ ਮੌਤ ਹੋ ਜਾਣ ਤੇ ਡੋਰਥੀ ਨੇ ਇਕੱਲਿਆਂ ਇਹਨੂੰ ਜਾਰੀ ਰੱਖਿਆ ਸੀ।

'ਹਟਕੋਰੇ ਲੈਂਦੀ ਜ਼ਿੰਦਗੀ' ਵਿੱਚ ਕੈਨੇਡਾ ਰਹਿੰਦੀ ਤਮੰਨਾ ਦੇ ਘਰੋਗੀ ਹਾਲਾਤ ਦਾ ਬਿਆਨ ਹੈ, ਜਿਸਦੀ ਮਾਂ ਨੇ ਆਪਣੇ ਭਰਾ ਤੋਂ 5 ਲੱਖ ਰੁਪਏ ਉਧਾਰ ਲੈ ਕੇ ਧੀ ਨੂੰ ਵਿਦੇਸ਼ ਭੇਜਿਆ ਹੈ ਤੇ ਹੁਣ ਤਮੰਨਾ ਦੇ ਮਾਮੇ ਵੱਲੋਂ ਪੈਸੇ ਮੋੜਨ ਲਈ ਜ਼ੋਰ ਪਾਇਆ ਜਾ ਰਿਹਾ ਹੈ, ਤਾਂ ਤਮੰਨਾ ਨੂੰ ਮਜਬੂਰੀ ਵਜੋਂ ਓਵਰਟਾਈਮ ਕੰਮ ਕਰਨਾ ਪੈ ਰਿਹਾ ਹੈ। ਉਸਦੀ ਪ੍ਰਵੀਨ ਨਾਲ ਦੋਸਤੀ ਹੈ ਤੇ ਉਹ ਤਮੰਨਾ ਨੂੰ ਵਧੇਰੇ ਕੰਮ ਕਰਨ ਤੋਂ ਰੋਕਦਾ ਹੈ। ਇਸ ਕਹਾਣੀ ਵਿੱਚ ਵਿਦੇਸ਼ ਰਹਿੰਦੀਆਂ ਕੁੜੀਆਂ ਅਤੇ ਪਰਿਵਾਰ ਵੱਲੋਂ ਉਨ੍ਹਾਂ ਤੇ ਕੀਤੇ ਖਰਚਿਆਂ ਦੀ ਮਾਰਮਿਕ ਪੇਸ਼ਕਾਰੀ ਹੋਈ ਹੈ।

'ਆਪਣਾ ਆਪਣਾ ਦਰਦ' ਵਿੱਚ ਮਾਪਿਆਂ ਦੇ ਆਪਣੀ ਸੰਤਾਨ ਦੀ ਸੈਟਲਮੈਂਟ ਨੂੰ ਲੈ ਕੇ ਦੁਖ-ਦਰਦ ਪੇਸ਼ ਕੀਤੇ ਗਏ ਹਨ। 'ਉਫ਼ ਉਹ ਤੱਕਣੀ' ਵਿੱਚ ਦਾਜ ਵਿੱਚ ਕਾਰ ਦਾ ਲਾਲਚ, ਬੈਂਕ ਦਾ ਕਰਜ਼ਾ ਤੇ ਫਿਰ ਕਾਰ ਵੇਚਣ ਦੇ ਝੰਜਟ ਦਾ ਬਿਰਤਾਂਤ ਹੈ। 'ਹਾਏ ਵਿਚਾਰੇ ਬਾਬਾ ਜੀ' ਵਿੱਚ ਭੇਖੀ (ਅਖੌਤੀ) ਬਾਬਿਆਂ ਦੇ ਵੰਨ-ਸੁਵੰਨੇ ਸ਼ਾਤਰ ਭੇਖਾਂ ਦਾ ਪਰਦਾਫਾਸ਼ ਕੀਤਾ ਗਿਆ ਹੈ। 'ਉਹ ਕਿਉਂ ਆਈ ਸੀ' ਵਿੱਚ ਪਤੀ-ਪਤਨੀ ਦੇ ਤਲਾਕ ਪਿੱਛੋਂ ਪਤੀ ਦੇ ਮਰ ਜਾਣ ਤੇ ਉਹਦੇ ਭੋਗ ਸਮੇਂ ਪਤਨੀ ਦੇ ਸ਼ਾਮਲ ਹੋਣ ਦੇ ਕਾਰਨ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। 'ਆਪਣੇ ਘਰ ਦੀ ਖੁਸ਼ਬੂ' ਵਿੱਚ ਪਤੀ ਵੱਲੋਂ ਪਹਿਲੀ ਪਤਨੀ ਦੇ ਮਰਨ ਤੇ ਨਵਾਂ ਵਿਆਹ ਕਰਨ, ਪਹਿਲੀ ਪਤਨੀ ਤੋਂ ਹੋਏ ਇੱਕ ਮੁੰਡੇ ਵੱਲੋਂ ਨਵੀਂ ਮਾਂ ਪ੍ਰਤੀ ਵਿਵਹਾਰ ਅਤੇ ਉਸ ਵਿੱਚ ਪਿੱਛੋਂ ਆਈ ਤਬਦੀਲੀ ਦਾ ਜ਼ਿਕਰ ਹੈ। 'ਡਾਕਟਰ ਕੋਲ ਨਹੀਂ ਜਾਣਾ' ਵਿੱਚ ਅਣਜੰਮੀ ਧੀ ਦਾ ਰੁਦਨ ਪ੍ਰਗਟਾਇਆ ਗਿਆ ਹੈ। 'ਮੁਰਦਾ ਖਰਾਬ ਨਾ ਕਰੋ' ਵਿੱਚ ਪੁਲੀਸ ਦੀ ਗੋਲੀ ਨਾਲ ਬੇਦੋਸ਼ੇ ਮਾਰੇ ਗਏ ਇੱਕ ਵਿਅਕਤੀ ਦੇ ਕਤਲ ਨੂੰ ਪੁਲੀਸ ਵੱਲੋਂ ਵਿੰਗੇ-ਟੇਢੇ ਤਰੀਕੇ ਨਾਲ ਸੁਲਝਾਉਣ ਦਾ ਹੈਰਾਨੀਜਨਕ ਵੇਰਵਾ ਹੈ।

ਪੁਸਤਕ ਦੇ ਮੁੱਖਬੰਦ ਵਿੱਚ ਲੇਖਕ ਨੇ ਕਹਾਣੀ ਦੇ ਸਿੱਧਾਂਤ ਅਤੇ ਅਮਲੀ ਪ੍ਰਕਿਰਿਆ ਬਾਰੇ ਕੁਝ ਅਹਿਮ ਨੁਕਤਿਆਂ ਦਾ ਸੂਖਮ ਵਿਸ਼ਲੇਸ਼ਣ ਕੀਤਾ ਹੈ ਅਤੇ ਸਪਸ਼ਟ ਕੀਤਾ ਹੈ ਕਿ ਕਈ 'ਸਾਹਿਤਕ ਡਾਕਟਰਾਂ' ਨੂੰ ਵੀ ਕਹਾਣੀ ਦੇ ਸਿਰਫ਼ ਬਣੇ-ਬਣਾਏ ਸਿੱਧਾਂਤਾਂ ਦਾ ਹੀ ਗਿਆਨ ਹੁੰਦਾ ਹੈ ਅਤੇ ਉਹ 'ਵਾਦਾਂ' ਨਾਲ ਹੀ ਬੱਝੇ ਰਹਿੰਦੇ ਹਨ। ਅਜਿਹੇ ਵਿਦਵਾਨਾਂ ਨੂੰ ਕਹਾਣੀ ਦੇ ਅਮਲ ਦੀ ਸੋਝੀ ਨਹੀਂ ਹੁੰਦੀ।

ਅਸਲ ਵਿੱਚ ਇਨ੍ਹਾਂ ਸਾਰੀਆਂ ਕਹਾਣੀਆਂ ਨੂੰ ਕਹਾਣੀਕਾਰ ਨੇ ਮਨੋਵਿਗਿਆਨਕ ਢੰਗ ਨਾਲ ਨਿਭਾਇਆ ਹੈ। ਉਹ ਪਾਤਰਾਂ ਦੇ ਮਨ ਅੰਦਰ ਬੈਠ ਕੇ ਉਨ੍ਹਾਂ ਦੀ ਸੂਹ ਲੈਂਦਾ ਹੈ ਅਤੇ ਪਾਤਰਾਂ ਨੂੰ ਸਹਿਜ-ਸੁਭਾਅ ਵਿਚਰਨ ਦੀ ਖੁੱਲ੍ਹ ਦਿੰਦਾ ਹੈ। ਵਿਵਿਧਮੁਖੀ ਵਿਸ਼ਿਆਂ ਦੇ ਪ੍ਰਗਟਾਵੇ ਅਤੇ ਨਿਭਾਅ ਨੂੰ ਕਹਾਣੀਕਾਰ ਨੇ ਜਿਸ ਕੁਸ਼ਲਤਾ ਨਾਲ ਨਿਭਾਇਆ ਹੈ, ਉਹ ਬਾਕਮਾਲ ਹੈ। ਮੇਰਾ ਸੁਝਾਅ ਹੈ ਕਿ ਇਹ ਕਹਾਣੀਆਂ ਹੋਰ ਭਾਸ਼ਾਵਾਂ ਵਿੱਚ ਵੀ ਉਲੱਥਾ ਕਰਵਾ ਕੇ ਪ੍ਰਕਾਸ਼ਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਤਾਂ ਜੋ ਦੂਜੀਆਂ ਭਾਸ਼ਾਵਾਂ ਦੇ ਲੇਖਕਾਂ ਅਤੇ ਪਾਠਕਾਂ ਨੂੰ ਪੰਜਾਬੀ ਕਹਾਣੀ ਦੀ ਸਮਰੱਥਾ ਦਾ ਬੋਧ ਹੋ ਸਕੇ!

## ਅਣਮੁੱਲੇ- ਵਿਚਾਰ

ਵਰਲਡ ਪੰਜਾਬੀ ਟਾਈਮਜ਼
ਮਨਦੀਪ ਖਾਨਪੁਰੀ




ਜ਼ਿੰਦਗੀ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਦੁੱਧ ਦੀ ਮਲਾਈ ਵਰਗੀਆਂ ਹੁੰਦੀਆਂ ਨੇ ਇਹਨਾਂ ਨੂੰ ਚੰਗੀ ਤਰ੍ਹਾਂ ਰਗੜ ਕੇ ਹੀ ਮੱਖਣ ਨਿਕਲਦਾ ਹੁੰਦਾ ਏ।

ਗੱਲ ਘਰੋਂ ਨਿਕਲਣ ਦੀ ਹੁੰਦੀ ਆ ਅਕਸਰ ਕੀੜੀਆਂ ਵੀ ਖਾਣਾ ਦਾਣਾ ਲੱਭ ਕੇ ਹੀ ਘਰਾਂ ਨੂੰ ਮੁੜਦੀਆਂ ਹੁੰਦੀਆਂ ਨੇ।

ਹਾਰ ਜਾਣ ਤੋਂ ਬਾਅਦ ਘਬਰਾਉਣਾ ਨਹੀਂ ਚਾਹੀਦਾ ਕਿਉਂਕਿ ਓਨਾ ਚਿਰ ਤੁਹਾਡਾ ਸਭ ਕੁਝ ਖ਼ਤਮ ਨਹੀਂ ਹੋ ਸਕਦਾ ਜਿੰਨਾ ਚਿਰ ਤੁਸੀਂ ਜਿਉਂਦੇ ਹੋ।

ਦੂਜਿਆਂ ਲਈ ਵੀ ਭਲਾ ਮੰਗਣਾ ਚਾਹੀਦਾ ਹੈ , ਜਿਵੇਂ ਸੂਰਜ ਸਾਰਿਆਂ ਲਈ ਬਰਾਬਰ ਚਮਕਦਾ ਹੈ ਅਤੇ ਘਰ ਦਾ ਬਲਬ ਸਿਰਫ ਆਪਣੇ ਘਰ ਦੇ ਹਨੇਰੇ ਨੂੰ ਹੀ ਦੂਰ ਕਰਦਾ ਹੁੰਦਾ ਏ।

ਕੁਝ ਪਾਉਣ ਲਈ ਮਿਹਨਤ ਤਾਂ ਲੱਗਦੀ ਹੀ ਹੁੰਦੀ ਆ ਜਿਵੇਂ ਜਹਾਜ਼ ਵੀ ਉਡਾਣ ਤੋਂ ਪਹਿਲਾਂ ਰਨਵੇਅ ਤੇ ਨੱਕ ਨਾਲ ਲਕੀਰਾਂ ਕੱਢਦਾ ਹੁੰਦਾ ਏ।

ਵਰਲਡ ਪੰਜਾਬੀ ਟਾਈਮਜ਼ 16 ਅਪ੍ਰੈਲ 2024 ਦਿਨ ਮੰਗਲਵਾਰ

# ਗੁਆਚੇ ਵਰਕੇ

ਵਰਲਡ ਪੰਜਾਬੀ ਟਾਈਮਜ਼ ਗੁਰਭਜਨ ਗਿੱਲ

ਅਗਸਤ 1978 ਵਿੱਚ ਛਪੀ ਮੇਰੀ ਪਹਿਲੀ ਕਾਵਿ ਪੁਸਤਕ "ਸ਼ੀਸ਼ਾ ਝੂਠ ਬੋਲਦਾ ਹੈ" ਬਾਰੇ ਜਗਰਾਉਂ ਨੇੜੇ ਪਿੰਡ ਸ਼ੇਖ ਦੌਲਤ ਵੱਸਦੇ ਮੇਰੇ ਮਿਹਰਬਾਨ ਤੇ ਪ੍ਰਸਿੱਧ ਪੰਜਾਬੀ ਕਵੀ ਬਖ਼ਤਾਵਰ ਸਿੰਘ "ਦਿਉਲ" ਜੀ ਨੇ 15 ਮਈ 1983 ਨੂੰ ਰੋਜ਼ਾਨਾ "ਨਵਾਂ ਜ਼ਮਾਨਾ" ਜਲੰਧਰ ਵਿੱਚ ਇਸ ਕਿਤਾਬ ਬਾਰੇ ਇਹ ਲੇਖ ਲਿਖਿਆ ਜੋ ਹੁਣ ਉਨ੍ਹਾਂ ਦੇ ਫ਼ਰੀਦਾਬਾਦ ਵੱਸਦੇ ਜ਼ਹੀਨ ਲੇਖਕ ਸਪੁੱਤਰ ਮਨਧੀਰ ਦਿਉਲ ਨੇ ਅੱਧੋਰਾਣੀ ਕਾਤਰ ਦੇ ਰੂਪ ਵਿੱਚ ਭੇਜਿਆ।
ਮੈਂ ਧੰਨਵਾਦੀ ਹਾ ਪਿਆਰੇ ਵੀਰ ਗੁਰਮੀਤ ਸਿੰਘ ਨਵਾਂ ਜ਼ਮਾਨਾ ਜੀ ਦਾ ਜਿੰਨ੍ਹਾਂ ਨੇ ਦਫ਼ਤਰ ਵਿੱਚ ਪਈਆਂ ਚਾਲੀ ਸਾਲ ਪੁਰਾਣੀਆਂ ਫਾਈਲਾਂ ਵਿੱਚੋਂ ਅੱਧਾ ਸੇਰ ਮਿੱਟੀ ਫੱਕ ਕੇ ਲੱਭਿਆ ਤੇ ਸੰਪੂਰਨ ਕਾਪੀ ਫੋਟੋ ਖਿੱਚ ਮੇਰੇ ਹਵਾਲੇ ਕੀਤੀ। ਇਸ ਦਾ ਟਾਈਪ ਸਰੂਪ ਤੁਹਾਡੇ ਧਿਆਨ ਹਿਤ ਪੇਸ਼ ਹੈ।- ਗੁਰਭਜਨ ਗਿੱਲ


ਚਾਨਣੀ ਵਿਚ ਫ਼ਲਣ ਵਾਲਾ ਬਿਰਖ- ਦਿਓਲ

ਪਿਛਲੇ ਦੋ ਦਹਾਕਿਆਂ ਵਿਚ ਪੰਜਾਬੀ ਕਾਵਿ-ਖੇਤਰ ਵਿਚ ਦੋ ਵਿਸ਼ੇਸ਼ ਲਹਿਰਾਂ ਨਮੂੰਦਾਰ ਹੋਈਆਂ। ਸੱਠਵਿਆਂ ਵਿਚ ਪ੍ਰਯੋਗਵਾਦ ਨਾਂ ਦੀ ਅਤੇ ਸੱਤਰਵਿਆਂ ਵਿਚ ਕ੍ਰਾਂਤੀਕਾਰੀ ਨਾਂ ਦੀ।
ਦੋਨਾਂ ਲਹਿਰਾਂ ਨੇ ਆਪਣੇ ਕੁਝ ਉਤਰਾਅਧਿਕਾਰੀ ਆਪਣੇ ਪਿੱਛੇ ਛੱਡੇ। ਪ੍ਰਯੋਗਵਾਦੀ ਲਹਿਰਾਂ ਵਿਚੋਂ ਸ਼ਿਵ ਕੁਮਾਰ, ਭਗਵੰਤ ਸਿੰਘ ਹਰਿਭਜਨ ਸਿੰਘ ਅਤੇ ਸੁਖਪਾਲਵੀਰ ਸਿੰਘ ਹਸਰਤ ਆਦਿ ਅਤੇ ਕਰਾਂਤੀਕਾਰੀ ਲਹਿਰਾਂ ਵਿਚੋਂ ਪਾਸ਼, ਹਰਭਜਨ ਹਲਵਾਰਵੀ, ਸੁਰਜੀਤ ਪਾਤਰ ਅਤੇ ਗੁਰਭਜਨ ਗਿੱਲ ਜਿਹੇ ਕਵੀ ਵਿਸ਼ੇਸ਼ ਤੌਰ ਤੇ ਉੱਭਰ ਕੇ ਸਾਹਮਣੇ ਆਏ ਹਨ। ਲਹਿਰਾਂ ਵਕਤੀ ਰੁਝਾਨ ਦੀਆਂ ਧਾਰਨੀ ਹੁੰਦੀਆਂ ਹਨ। ਦੁੱਧ ਦੇ ਉਬਾਲੇ ਵਾਂਗੂੰ ਉਠਦੀਆਂ ਤੇ ਬਹਿ ਜਾਇਆ ਕਰਦੀਆਂ ਹਨ। ਇਸੇ ਤਰ੍ਹਾਂ ਉਪਰੋਕਤ ਦੋਵਾਂ ਲਹਿਰਾਂ ਨਾਲ ਹੋਇਆ,ਪਰ ਲਹਿਰਾਂ ਵਿਚ ਰੁੜ੍ਹ ਜਾਣ ਤੋਂ ਜੋ ਕੁਝ ਬਚ ਰਹਿੰਦਾ ਹੈ ,ਉਸ ਵਿਚ ਵਿਰਸੇ ਦੀ ਸਮਰਥਾਵਾਨ ਸ਼ਕਤੀ ਰਲ ਗਈ ਹੁੰਦੀ ਹੈ। ਉਸੇ ਸ਼ਕਤੀ ਦੇ ਸਹਾਰੇ ਕਵੀ ਉਹ ਸਮੇਂ ਦੀ ਧਰਤੀ ਉਤੇ ਠਹਿਰ ਸਕਦਾ ਹੈ। ਸ਼ਿਵ ਕੁਮਾਰ ਵਿਚ ਬਿਰਹਾ ਦਾ ਵਿਰਾਸਤੀ ਅੰਸ਼ ਆ ਰਲਿਆ ਸੀ ਤਦੇ ਉਹ ਕੁਝ ਚੇਤੇ ਰੱਖਣ ਯੋਗ ਚਿੰਨ੍ਹ ਆਪਣੇ ਪਿੱਛੇ ਛਡ ਗਿਆ ਤੇ ਪਾਸ਼, ਹਰਭਜਨ ਹਲਵਾਰਵੀ, ਪਾਤਰ ' ਤੇ ਗੁਰਭਜਨ ਗਿੱਲ ਹੋਰਾਂ ਵਿਚ ਸੁਹਜ ਰੁਮਾਂਸ ਅਤੇ ਸਰੋਦੀ ਵਿਰਸਾ ਰਲ ਜਾਣ ਕਰ ਕੇ ਇਹਨਾਂ ਦੀਆਂ ਕਵਿਤਾਵਾਂ ਮਨ ਨੂੰ ਕੁਝ ਲਗਦੀਆਂ ਹਨ। ਇਸ ਨਵੀਂ ਚੇਤਨਾ ਵਿਚ ਪਰਵੀਨ ਪੀੜ੍ਹੀ ਦੇ ਹੱਥਾਂ ਵਿਚ ਆ ਕੇ ਕਵਿਤਾ ਭਾਸ਼ਾ ਜਾਂ ਸਭਿਆਚਾਰ ਦਾ ਹੀ ਕੇਵਲ ਵਿਸ਼ਾ ਨਾ ਰਹਿ ਕੇ ਵਿਗਿਆਨ ਦਾ ਵਿਸ਼ਾ ਵੀ ਬਣ ਜਾਏਗੀ. ਇਸ ਤਰ੍ਹਾਂ ਦਾ ਕੁਝ ਪਰਤੀਤ ਹੋ ਰਿਹਾ ਹੈ।
ਕਵੀ "ਚਾਨਣੀ ਵਿਚ ਫਲਣ ਵਾਲਾ ਬਿਰਖ" ਹੁੰਦਾ ਹੈ, ਚਾਨਣੀ ਉਹਨੂੰ ਕਿੰਨੀ ਕੁ ਮਿਲਦੀ ਹੈ ਤੇ ਉਹ ਕਿੰਨਾ ਕੁ ਫੱਬਦਾ ਹੈ. ਇਸ ਦਾ ਠੀਕ-ਠੀਕ ਲੇਖਾ-ਜੋਖਾ ਤਾਂ ਇਸ ਅਵਸਰਵਾਦੀ ਸਮਾਜ ਵਿਚ ਅਜੇ ਕੀਤਾ ਨਹੀਂ ਕੀਤਾ ਜਾ ਸਕਦਾ, ਪਰ ਜੋ ਕੁਝ ਵੀ ਉਪਲਬਧ ਹੈ ਉਸਦੇ ਸਹਾਰੇ ਕਹਿ ਸਕਦੇ ਹਾਂ ਕਿ ਚਾਨਣੀ ਹਰ ਕਵੀ ਦਾ ਸੁਪਨਾ ਹੈ, ਉਹਦੀ ਅਭਿਲਾਸ਼ਾ ਹੈ, ਇੱਛਾ ਹੈ, ਉਹਦਾ ਯਤਨ ਹੈ, ਉਹਦੀ ਜਦੋਜਹਿਦ ਹੈ। ਚਾਨਣੀ ਵਰਗੀ ਅਮੁੱਲੀ ਨਿਹਮਤ ਇਸ ਹਨ੍ਹੇਰੇ ਦੇ ਸਰਾਪੇ ਸਮਾਜ ਵਿਚ ਕਵੀ ਨੂੰ ਚਾਨਣੀ ਸੌਖਿਆਂ ਹੀ ਕਿੱਥੇ ਮਿਲ ਸਕਦੀ ਹੈ। ਇਹੋ ਕਾਰਨ ਹੈ ਕਿ ਚਾਨਣੀਆਂ ਨੂੰ ਤਰਸਦੇ ਕਵੀ ਮਨ ਦਾ ਝੋਰਾ ਗੁਰਭਜਨ ਗਿੱਲ ਦੀ ਕਵਿਤਾ ਵਿਚੋਂ ਵੀ ਆਪਣੀ ਪੂਰੀ ਕਠੋਰਤਾ ਨਾਲ ਪ੍ਰਗਟ ਹੋਇਆ ਹੈ :

"ਜੇ ਰਾਤਾਂ ਕਾਲੀਆਂ ਏਦਾਂ ਹੀ ਰਹੀਆਂ ਹੋਰ ਕੁਝ ਰਾਤਾਂ,
ਮੈਂ ਕੀਕਣ ਚਾਨਣੀ ਵਿਚ ਫਲਣ ਵਾਲਾ ਬਿਰਖ ਲਾਵਾਂਗਾ। "

ਰਾਤਾਂ ਕਾਲੀਆਂ ਦਾ ਹਉਆ ਕਵੀ ਨੂੰ ਰੋਹ ਵਿਚ ਲਿਆ ਸਕਦਾ ਸੀ, ਪਰ ਗੁਰਭਜਨ ਚਿੰਤਨਸ਼ੀਲ ਪੀੜ੍ਹੀ ਦਾ ਕਵੀ ਹੈ। ਰੋਹ ਇਸ ਪੀੜ੍ਹੀ ਦੀਆਂ ਰਗਾਂ ਵਿਚ ਵੀ ਭਾਵੇਂ ਖੌਲ ਰਿਹਾ ਹੈ, ਪਰ ਇਹ ਖੌਲਦਾ ਰੋਹ ਨਾਅਰੇਬਾਜ਼ੀ ਨਾ ਬਣ ਕੇ ਉਹਦੇ ਚਿੰਤਨ ਵਿਚ ਕਿੱਲ ਬਣ ਕੇ ਖੁਭ ਜਾਂਦਾ ਹੈ। ਰੋਹ ਆਪਣੇ ਆਪ ਨੂੰ ਵਿਗਿਆਨਕ ਲੱਛਣ ਵਾਲੇ ਗੁਣ ਵਿਚ ਪਰਿਵਰਤਤ ਕਰਦਾ ਹੈ ਤੇ ਉਹਦੀ ਵਿਗਿਆਨਕ ਸਚਾਈ ਪੂਰੀ ਤਰ੍ਹਾਂ ਪ੍ਰਗਟ ਹੋ ਜਾਂਦੀ ਹੈ ਜਦੋਂ ਕਵੀ ਤਮਾਸ਼ਾਈ ਦੁਨੀਆਂ ਨੂੰ ਕੁਝ ਸਿਆਣੇ ਹੋਕੇ ਸੋਚਣ ਲਈ ਮਜਬੂਰ ਕਰਦਿਆਂ ਕਹਿ ਉਠਦਾ ਹੈ

'ਤੁਸਾਂ ਐਵੇਂ ਹੀ ਤਾੜੀ ਮਾਰਕੇ ਨਾ ਗੱਲ ਗਵਾ ਦੇਣੀ,
ਜਦੋਂ ਮੈਂ ਆਪਣੇ ਮੱਥੇ 'ਚ ਖੁੱਭੇ ਕਿੱਲ ਗਿਣਾਵਾਂਗਾ।'
ਕਵੀ ਦਾ ਚਿੰਤਨਸ਼ੀਲ ਵਿਗਿਆਨ ਮਨੋਵਿਗਿਆਨ ਦੀ ਪ੍ਰਕ੍ਰਿਆ ਵਿਚੋਂ ਦੀ ਹੋ ਕੇ ਸਮਾਜ ਵਿਗਿਆਨ ਦਾ ਰੁਖ਼ ਧਾਰਨ ਕਰਦਾ ਹੈ, ਜਦੋਂ ਕਵੀ ਕਹਿੰਦਾ ਹੈ




"ਕਿ ਸੜਕਾਂ ਭੀੜ ਵਿਚ ਡੁੱਬੀਆਂ
ਤੇ ਉਮਰਾਂ
ਸੜਕ ਤੇ ਦੁਰਘਟਨਾ 'ਚ ਮਰੀਆਂ"।

ਇਸ ਵਰਤਮਾਨ ਸਮਾਜ ਨੇ ਗੁਰਭਜਨ ਗਿੱਲ ਦੇ ਅੰਦਰ ਕਿਸ ਤਰ੍ਹਾਂ ਦੀ ਆਪਣੀ ਬੋਧ -ਬਿਰਤੀ
ਧਾਰਨ ਕੀਤੀ ਹੈ :

"ਅੰਦਰ ਦਾ ਘਸਮੈਲਾ ਚਾਨਣ
ਹੱਥ ਨੂੰ ਹੱਥ
ਪਹਿਚਾਨਣ ਤੋਂ ਇਨਕਾਰ ਕਰ ਗਿਆ।
ਮੇਰਾ ਸੋਨਾ ਮਿੱਟੀ
ਉਹਦੀ ਮਿੱਟੀ ਸੋਨਾ"।
ਉਹਦੀ ਮਿੱਟੀ ਸੋਨਾ ਤੋਂ ਗੱਲ ਤੁਰਦੀ ਹੈ ਤੇ ਉਪਰੋਕਤ ਸਮਾਜ ਵਿਗਿਆਨ ਦੇ ਬੋਧ ਦੀ ਕੁਝ ਰੂਪ ਰੇਖਾ ਬਣਦੀ ਹੈ। ਸਮਾਜ ਦੋ ਸ਼ਰੇਣੀਆਂ ਵਿਚ ਵੰਡੀਂਦਾ ਪ੍ਰਤੀਤ ਹੋ ਰਿਹਾ ਹੈ :

ਸਮਾਂ ਨਿਰਪੱਖ ਨਹੀਂ ਹੁੰਦਾ
ਜਾਂ ਤੇਰੇ ਪੱਖ ਦਾ ਹੁੰਦੈ
ਜਾਂ ਸਾਡੇ ਪੱਖ ਦਾ ਹੁੰਦੈ।

ਸਮਾਜ ਦੀ ਸ਼੍ਰੇਣੀ ਵੰਡ ਦੀ ਰੂਪ-ਰੇਖਾ ਤੋਂ ਵਾਕਿਫ਼ ਹੋ ਕੇ ਤੇ ਸਮਾਜਿਕ ਰਿਸ਼ਤਿਆਂ ਦੀ ਕਰੂਰਤਾ ਨੂੰ ਚਿਤਵ ਕੇ ਗੁਰਭਜਨ ਗਿੱਲ ਆਪਣਾ ਪੱਖ ਨਿਝੱਕ ਹੋ ਕੇ ਚੁਣਦਾ ਹੈ :
"ਅਸਾਡਾ ਪੱਖ ਸਿੱਧਾ ਹੈ
ਜਿਹਦੇ ਵਿਚ ਤਪਸ਼ ਹੈ
ਜਿਹਦੇ ਵਿਚ ਠੰਢ
ਅਗਨੀ ਤੇ ਜ਼ਬਤ ਹੈ"।

ਠੰਡ ਤੇ ਅਗਨੀ ਰਿਸ਼ਤਿਆਂ ਨੂੰ ਵਿਗਿਆਨਕ ਪ੍ਰਯੋਗ ਲਈ ਆਪਣੇ ਵਿਚ ਸਮੋ ਕੇ ਕਵੀ ਦੇ ਮਨ ਅੰਦਰ ਕੁਠਾਲੀ ਤਪਾ ਲੈਂਦੀਆਂ ਹਨ ਤੇ ਕਵੀ ਆਪਣੇ ਮਨ ਦੀ ਪ੍ਰਯੋਗਸ਼ਾਲਾ ਵਿਚ ਤਪਸ਼ਾਂ ਨੂੰ ਜਰਦਾ ਬੜੇ ਜ਼ਬਤ ਨਾਲ ਸਿੱਟਿਆਂ ਦੀ ਉਡੀਕ ਕਰਦਾ ਹੋਇਆ ਮੰਨਦਾ ਹੈ।

ਪਰ ਮੈਂ ਕਹਿੰਦਾਂ
ਗੱਲ ਤਾਂ ਸਾਰੀ ਹੀ ਮਨ ਦੀ ਹੈ
ਮਨ ਤੋਂ ਬਾਅਦ ਹੀ ਜਨ ਦੀ
ਕੋਈ ਗੱਲ ਸੁੱਝਦੀ ਹੈ।
ਪੇਟ ਨਾ ਰੋਟੀ,
ਹਰ ਗੱਲ ਖੋਟੀ, ਹੀ ਲਗਦੀ ਹੈ।

ਤੇ ਗੁਰਭਜਨ ਗਿੱਲ ਨੂੰ ਸਾਫ਼ ਦਿਸਣ ਲੱਗਦਾ ਹੈ :

ਅਹੁ ਕਾਲੀ ਚਿਮਨੀ ਦਾ ਧੂੰਆਂ
ਮੇਰਾ ਰੰਗ ਬਦਰੰਗ
ਕਰੀ ਜਾ ਰਿਹਾ ਹੈ।

ਤੇ ਉਦੋਂ ਹੀ ਇਹ ਗੰਧਲਾ ਸਮਾਜ ਆਪਣੇ ਦੋਗਲੇ ਆਚਰਣ ਦੀ ਲਪੇਟ ਵਿਚ ਕਵੀ ਦੀ ਬਿਰਤੀ ਨੂੰ ਲੈਂਦਾ ਹੋਇਆ ਉਹਦੇ ਕੋਲੋਂ ਛਲ ਕਪਟ ਨਾਲ ਇਹ ਅਖਵਾਉਣਾ ਚਾਹੁੰਦਾ ਹੈ।

"ਚੁੱਪ ਕਰਕੇ ਬੱਸ ਕਹਿ ਦੇਂਦਾ ਹਾਂ
ਥਲ ਵਿਚੋਂ ਮੱਛੀਆਂ ਫੜਦਾ ਹਾਂ।
ਜਾਂ
ਹਰੀ ਕਰਾਂਤੀ ਤੇ ਕੋਈ ਕਵਿਤਾ ਲਿਖ ਛੱਡਦਾ ਹਾਂ।
ਦੁੱਧ ਦੀਆਂ ਨਦੀਆਂ ਦੇ ਕਿੱਸੇ ਬੜੀ ਐਸ਼ ਹੈ।
ਪਰ ਉਹ ਸਾਫ਼ ਸਾਫ਼ ਅੰਦਰੋਂ ਜੋ ਕੁਝ ਕਹਿ ਰਿਹਾ ਹੈ, ਉਹ ਇਹ ਹੈ :

"ਕੌਣ ਸੱਚਾ ਕੌਣ ਝੂਠਾ
ਵਕਤ ਹੀ ਦਸੇਗਾ ਤਾਲ,
ਤੇ ਜਦੋਂ ਵਕਤ ਨੇ ਆਪਣਾ ਤਾਲ ਸਾਫ ਸਾਫ ਦੱਸ ਦਿਤਾ ਤਾਂ
"ਆਸਾਂ ਦੇ ਪੰਛੀ ਬਿਨਾਂ ਚੰਗਿਓਂ ਨਹੀਂ ਮੁੜਨਗੇ ਤੇ ਧੁੱਪ ਦੇ ਮਹਿਕਣ ਦੀ ਆਪਣੀ ਰੁੱਤ' ਦੀ ਉਡੀਕ ਕਰਦਾ ਹੋਇਆ ਕਵੀ ਸਮਾਜ ਦੇ ਵੱਖ ਵੱਖ ਮੌਸਮਾਂ ਦਾ ਨਿਰੀਖਣ ਕਰਦਾ ਹੈ :

"ਕੇਹੀ ਅਨੋਖੀ ਰੁੱਤ ਹੈ
ਜਦ ਜੰਮਦੇ ਨੇ
ਸਿਰਫ ਅੰਗਿਆਰ।

ਉਸ ਦਾ ਨਰੀਖਣ ਇਕ ਨਤੀਜੇ ਖੇਤੀ ਪਹੁੰਚਦਾ ਹੈ :
ਜੇ ਸੁਣਨੋਂ ਤੂੰ ਝਿਜਕੇਂ
ਉਹੀ ਸੱਚ ਵਰਗਾ ਹੈ
ਸੱਚ ਕੋਈ ਸ਼ਸਤਰ ਨਹੀਂ ਭਾਵੇਂ,
ਪਰ ਇਹ ਵਾਰ ਕਰਨ ਦਾ
ਸਭ ਤੋਂ ਵਧੀਆ ਢੰਗ ਹੈ।

ਸੱਚ ਵਰਗੇ ਇਸ ਸ਼ਸਤਰ ਨੂੰ ਪ੍ਰਮਾਣੀਕਤਾ ਬਖਸ਼ ਦੇਣ ਦੇ ਖ਼ਿਆਲ ਨਾਲ ਕਵੀ ਸਮੇਂ ਦੀ ਕਾਲਖ ਅਤੇ ਸਮੇਂ ਦੇ ਝੂਠ ਨੂੰ ਚੇਤਾਵਨੀ ਦੇਂਦਾ ਹੈ।

ਜੇ ਤੈਨੂੰ ਸੱਚ ਨਹੀਂ ਲੱਗਦਾ
ਤਾਂ ਕਿਸੇ ਵੀ ਵਕਤ
ਪਰਖ ਸਕਨੈਂ
ਕੋਈ ਡਰ ਨਾ ਦੇਵੀਂ
ਮੌਤ ਤੋਂ ਛੋਟਾ

ਤੇ ਸੱਚ ਦੀ ਤਾਸੀਰ ਬਿਆਨ ਕਰਦਾ ਹੈ।
"ਇਹ ਸੱਚ ਬਹੁਤ ਤਾਂ
ਤਾਂ ਬਹੁਤ ਖ਼ਰ੍ਹਵਾ ਹੈ
ਇਹ ਸੱਚ ਤਾਂ ਬਹੁਤ ਕੌੜਾ ਹੈ। "

ਸੱਚ ਭਾਵੇਂ ਖ਼ਰ੍ਹਵਾ ਤੇ ਕੌੜਾ ਹੈ ਪਰ ਇਸ ਸੱਚ ਦਾ ਪੈਰੋਕਾਰ ਅਤੇ ਸੰਗਰਾਮੀਆ

"ਮੌਤ ਦਾ ਪੈਗਾਮ ਸੁਣ ਕੇ
ਮੁਸਕਰਾਇਆ ਹੈ"

ਮੌਤ ਦਾ ਪੈਗਾਮ ਸੁਣ ਕੇ ਮੁਸਕਰਾਉਣ ਵਾਲੇ ਇਹ ਸੱਚ ਦੇ ਵਣਜਾਰੇ ਹੁਣ ਸਰਵਣ ਪੁੱਤ ਨਹੀਂ ਰਹੇ। ਗੁਰਭਜਨ ਗਿੱਲ ਤਾਂ ਅੰਤਾਂ ਦੀ ਦਲੇਰੀ ਨਾਲ ਸੱਚ ਦੇ ਦੁਸ਼ਮਨ ਨੂੰ ਲਲਕਾਰ ਕੇ ਕਹਿੰਦਾ ਹੈ :
"ਉਸ ਨੂੰ ਕਹੋ
ਮੇਰੇ ਆਉਣ ਤੋਂ ਪਹਿਲਾਂ ਚਲਾ ਜਾਵੇ
ਮੇਰੇ ਮਸਤਕ ਦੀ ਅਗਨੀ ਨੇ
ਚਿਰਾਂ ਦੇ ਜ਼ਬਤ ਦੇ ਪਿੱਛੋਂ
ਵੀਣੀਂ 'ਚ ਹੁਣ ਪ੍ਰਵੇਸ਼ ਕੀਤਾ ਹੈ। "

ਆਪਣੇ ਮਾਨਸਿਕ ਪ੍ਰਯੋਗ ਨਾਲ ਕਵੀ ਨੇ ਸੱਚ ਦੀ ਸਾਰਥਿਕਤਾ ਨੂੰ ਪਾ ਲਿਆ ਹੈ। ਸੱਚ ਉਹਦੇ ਲਈ ਵਿਗਿਆਨਕ ਚਿੰਤਨ ਬਣਿਆਂ, ਸੱਚ ਉਹਦੇ ਮਸਤਕ ਵਿਚ ਅੱਗ ਦੀ ਇਕ ਲਾਟ ਬਣ ਕੇ ਬਲ਼ਿਆ ਤੇ ਸੱਚ ਇਕ ਸ਼ਕਤੀ ਬਣ ਕੇ ਉਹਦੇ ਡੋਲਿਆਂ ਵਿਚ ਪ੍ਰਵੇਸ਼ ਕਰਦਾ ਹੈ।

"ਯਾਤਰਾ ਜਦ
ਜ਼ਿੰਦਗੀ ਵਲ ਤੁਰਦੀ ਹੈ
ਇਹੀ ਇਤਿਹਾਸ ਬਣਦੀ ਹੈ .
— —— —-
ਨਵੇਂ ਹੱਥਾਂ
ਨਵੀਂ ਗਾਥਾ ਸਿਰਜਣੀ ਹੈ
ਅਸਾਂ ਨੇ ਰੁੱਤ ਘੜਨੀ ਹੈ
ਜੇ ਚਾਹੀਏ ਧੁੱਪ-ਧੁੱਪ ਮਿਲ ਜੋ
ਜੇ ਚਾਹੀਏ ਛਾਂ ਤਾਂ ਛਾਂ ਮਿਲ ਜੇ।"

ਚਾਨਣ ਤੇ ਹਨੇਰਿਆਂ ਵਿਚ ਭਟਕ ਰਹੇ ਇਸ ਸਮਾਜ ਦਾ ਇਹ ਅਲਬੇਲਾ ਕਵੀ, ਆਪਾ ਵਿਕਸਤ ਹੋਣ ਦੀ ਰੀਝ ਦੇ ਨਾਲ ਨਾਲ, ਜੋ ਉਸ ਤੋਂ ਵਿੱਛੜ ਗਏ ਹਨ, ਉਹਨਾਂ ਦੇ ਦੁੱਖ ਦਰਦ ਨੂੰ ਵੀ ਪੂਰੀ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ :

ਉੱਡਦੇ ਜੋ ਪੰਖੇਰੂ ਤਾਂ ਮੈਂ 'ਵਾਜ਼ ਮਾਰਦਾ
ਹੌਂਕਦਿਆਂ ਖੰਭਾਂ ਨੂੰ
ਕੀਕਣ 'ਵਾਜ਼ਾਂ ਮਾਰਾਂ
ਖਿੱਲਰ ਗਏ ਹਟਕੋਰੇ ਵਰਗੇ
ਯਾਰ ਗੁਆਚੇ
ਕਿੱਦਾਂ ਮੈਂ ਅੱਜ
ਖੰਭਾਂ ਵਿਚੋਂ ਲੱਭਣ ਜਾਵਾਂ'।

ਪਰ ਗੁਰਭਜਨ ਗਿੱਲ ਦੀ ਭਾਲ ਜਾਰੀ ਹੈ. ਇਹ ਭਾਲ ਅਤੇ ਭਟਕਣ ਦੇ ਰਾਹ ਉਤੇ ਤੁਰਦਿਆਂ ਉਹਦਾ ਸਫ਼ਰ ਜਾਰੀ ਹੈ। ਪੰਜਾਬੀ ਕਾਵਿ- ਸਾਹਿਤ ਨੂੰ ਉਹਨੇ ਅਜੇ ਆਪਣੀ ਪਹਿਲੀ ਪੁਸਤਕ "ਸ਼ੀਸ਼ਾ ਝੂਠ ਬੋਲਦਾ ਹੈ" (1978)ਹੀ ਦਿੱਤੀ ਹੈ ਭਵਿੱਖ ਵਿਚ ਉਹਦੇ ਕੋਲੋਂ ਬਹੁਤ ਸਾਰੀਆਂ ਆਸਾਂ ਰੱਖੀਆਂ ਜਾ ਸਕਦੀਆ ਹਨ।
"ਚਾਨਣੀ ਵਿਚ ਫ਼ਲਣ ਵਾਲਾ"ਇਹ ਬਿਰਖ ਚਾਨਣ ਦੇ ਹੋਰ ਵੀ ਬਹੁਤ ਸਾਰੇ ਸੂਹੇ ਫੁੱਲ ਖਿੜਾਵੇਗਾ।